# ਗੁਰਬਾਣੀ ਉਪਮਾ

## ਸਤਿਸੰਗ

**ਬਿਹਾਗੜਾ ਮਹਲਾ ੫ ॥ (ਅੰਗ 544)**

**ਹਰਿ ਚਰਣ ਸਰੋਵਰ ਤਹ ਕਰਹੁ ਨਿਵਾਸੁ ਮਨਾ ॥**

ਹਰ ਦਫਾ ਗੁਰਬਾਣੀ ਦਾ ਯਸ਼ ਕਰਨ ਲੱਗਿਆਂ ਇਹੋ ਬੇਨਤੀ ਕਰੀਦੀ ਹੈ ਕਿ ਅਸੀਂ ਕੋਈ ਗੁਰੂ, ਪੀਰ, ਪੈਗੰਬਰ, ਔਲੀਏ, ਸਾਧੂ ਬਣ ਕੇ ਯਸ਼ ਨਹੀਂ ਕਰਦੇ ਬਲਕਿ ਹਜ਼ੂਰ ਦੀ ਬਾਣੀ ਦੇ ਕੂਕਰ-ਮਰਾਸੀ ਬਣ ਕੇ ਮਾਲਕ ਦਾ ਯਸ਼ ਕਰੀਦਾ ਹੈ ਅਤੇ ਹਰ ਵਕਤ ਇਹੋ ਬੇਨਤੀ ਕਰੀਦੀ ਹੈ ਸੱਚੇ ਪਾਤਿਸ਼ਾਹੋ ! ਜਿੰਨਾਂ ਚਿਰ ਇਸ ਤਨ ਅੰਦਰ ਸੁਆਸ ਹਨ ਕਿਰਪਾ ਕਰਕੇ ਇਸੇ ਹੀ ਤਰ੍ਹਾਂ ਆਪਣਾ ਯਸ਼ ਕਰਾਉਂਦੇ ਰਹਿਣਾ। ਦੂਸਰੀ ਬੇਨਤੀ, ਹਰ ਦਫਾ, ਆਈ ਸੰਗਤ ਅੱਗੇ ਕਰੀਦੀ ਹੈ ਕਿ ਦੁਨੀਆਂ ਉੱਤੇ ਕੋਈ ਦੇਹਧਾਰੀ ਗੁਰੂ ਨਹੀਂ ਹੈ। ਪੂਰਨ ਸੰਤਾਂ ਦੇ ਉਚਾਰਨ ਕੀਤੇ ਮਹਾਂਵਾਕ (ਗੁਰਬਾਣੀ) ਹੀ ਗੁਰੂ ਹੈ ਜਿਸ ਪ੍ਰਥਾਇ ਹਜ਼ੂਰ ਪੰਜਵੇਂ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਸਤਿਗੁਰੂ, ਹਜ਼ੂਰ ਚੌਥੇ ਪਾਤਿਸ਼ਾਹ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਸੋਢੀ ਸੁਲਤਾਨ ਦੇ ਉਚਾਰਨ ਕੀਤੇ ਮਹਾਂਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਕਰ ਕੇ ਇਹ ਨਿਰਨਾ ਹੀ ਕਰ ਦਿੱਤਾ ਹੈ ਕਿ

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥*
*(ਅੰਗ 982)*

ਜੋ ਪ੍ਰਾਣੀ ਗੁਰਬਾਣੀ ਦੇ ਬਚਨਾਂ ਨੂੰ ਸਤਿ ਕਰ ਕੇ ਮੰਨਦਾ ਹੈ, ਗੁਰਬਾਣੀ ਉਸਦਾ ਮਿਲਾਪ ਪਰਤੱਖ ਤਾਕਤ ਨਾਲ ਕਰਾ ਦਿੰਦੀ ਹੈ। ਪਰ ਇਸ ਭੇਦ ਦੀ ਪ੍ਰਾਪਤੀ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ ?

ਜਦੋਂ ਅਸੀਂ ਖੁਦ ਪਾਠ ਕਰਦੇ ਹਾਂ ਜਾਂ ਪਾਠ, ਅਖੰਡਪਾਠ ਕਰਾਉਂਦੇ ਹਾਂ ਤਾਂ ਉਸ ਪਾਠ/ਅਖੰਡਪਾਠ ਦੇ ਭੋਗ ਉਪ੍ਰੰਤ ਜੋ ਗੁਰਵਾਕ (ਹੁਕਮਨਾਮਾ) ਆਉਂਦਾ ਹੈ ਉਹ ਸਾਡੇ ਲਈ ਗੁਰੂ ਦਾ ਹੁਕਮ ਹੁੰਦਾ ਹੈ। ਇਸ ਬਾਰੇ ਵੀ ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਾਂਵਾਕ ਦਰਜ ਕਰ ਕੇ ਨਿਰਨਾ ਕੀਤਾ ਹੋਇਆ ਹੈ

*ਗੁਰ ਵਾਕੁ ਨਿਰਮਲੁ ਸਦਾ ਚਾਨਣੁ*
*ਨਿਤੁ ਸਾਚੁ ਤੀਰਥੁ ਮਜਨਾ ॥ (ਅੰਗ 687)*

ਕਿ ਸਹਿਜ ਅਵਸਥਾ ਵਿਚ ਆਇਆ ਹੁਕਮਨਾਮਾ ਸਾਰੀ ਕਾਇਨਾਤ ਵਾਸਤੇ ਚਾਨਣ ਮੁਨਾਰਾ ਹੁੰਦਾ ਹੈ ਅਤੇ ਸਾਡੇ ਕਰਮਾਂ ਦੀ ਮੈਲ ਸਾਫ਼ ਕਰਨ ਵਾਸਤੇ ਮੰਜਨ ਦਾ ਕੰਮ ਕਰਦਾ ਹੈ। ਇਸ ਲਈ ਸਾਨੂੰ ਆਪਣੀ ਰਹਿਣੀ ਉਸ ਹੁਕਮਨਾਮੇ ਅਨੁਸਾਰ ਬਣਾਉਣੀ ਚਾਹੀਦੀ ਹੈ।

ਐੱਸ. ਜੀ. ਐੱਲ. ਜਨ ਸੇਵਾ ਕੇਂਦਰ ਗੜ੍ਹਾ ਜਲਧੰਰ ਨਾਲ ਸੰਬੰਧਿਤ ਸੰਗਤ ਦਿੱਲੀ, ਭਾਈ ਹਰਬੰਸ ਸਿੰਘ ਦੁੱਗਲ, ਭਾਈ ਗੁਰਮੀਤ ਸਿੰਘ ਅਟਵਾਲ ਵਾਸੀ ਇੰਗਲੈਂਡ, ਮਾਲਿਕਾਨ ਕਾਕਾਡੂ ਰੈਸਟੋਰੈਂਟ ਫਰੈਕਫੋਰਡ ਜਰਮਨੀ, ਭਾਈ ਜਸਵੰਤ ਸਿੰਘ ਵਾਸੀ ਸ਼ਾਰਜਾਹ ਯੂ. ਏ. ਈ., ਬੀਬੀ ਸਵਰਨ ਕੌਰ ਪਤਨੀ ਭਾਈ ਬਿਸ਼ੰਭਰ ਸਿੰਘ ਵਾਸੀ ਕਨੇਡਾ ਅਤੇ ਭਾਈ ਰਜਿੰਦਰ ਸਿੰਘ ਮਿਨਹਾਸ ਆਦਿ ਨੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨਾਲ ਮਿਲ ਕੇ ਖਾਲਸਾ ਜੀ ਦੇ 312ਵੇਂ ਸਿਰਜਣਾ ਦਿਵਸ ਦੀਆਂ ਖੁਸ਼ੀਆਂ ਮਾਣਦਿਆਂ ਹੋਇਆਂ, ਧੁਰ ਕੀ ਬਾਣੀ ਦਾ ਓਟ ਆਸਰਾ ਲੈਂਦੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਇਆ ਸੀ। ਹਜ਼ੂਰ ਦੀ ਕਿਰਪਾ, ਬਖਸ਼ਿਸ਼ ਅਤੇ ਰਹਿਮਤ ਹੋਈ ਅਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਨਿਰਵਿਘਨ ਸਮਾਪਤ ਹੋਇਆ, ਪਾਠ ਦਾ ਭੋਗ ਪਾਇਆ ਗਿਆ। ਭੋਗ ਉਪਰੰਤ ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਉਚਾਰਨ ਕੀਤੇ ਮਹਾਂਵਾਕ ਵਿੱਚੋਂ ਹੁਕਮਨਾਮਾ ਆਇਆ ਹੈ। ਇਸ ਹੁਕਮਨਾਮੇ ਵਿੱਚ ਹਜ਼ੂਰ ਜੋ ਭੇਦ ਬਖਸ਼ ਰਹੇ ਹਨ ਉਹ ਆਪਾਂ ਸਭ ਨੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਸਾਉਣਾ ਹੈ। ਸਭ ਤੋਂ ਪਹਿਲਾਂ ਆਈ ਸੰਗਤ ਨੂੰ, ਸਾਰੀ ਕਾਇਨਾਤ ਨੂੰ ਅਤੇ ਦੇਸ਼ ਵਿਦੇਸ਼ ਵਿੱਚੋਂ ਜੋ ਸੰਗਤ ਨਹੀਂ ਵੀ ਆ ਸਕੀ ਸਭ ਨੂੰ ਖਾਲਸਾ ਜੀ ਦੇ 312ਵੇਂ ਸਿਰਜਣਾ ਦਿਵਸ ਦੀ ਲੱਖ-ਲੱਖ ਵਧਾਈ ਹੋਵੇ। ਹਜ਼ੂਰ ਖੁਸ਼ੀਆਂ, ਖੇੜੇ, ਨਾਮ ਦੀ ਦਾਤ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ ਬਖਸ਼ਣ।

ਹਜ਼ੂਰ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਮਹਾਰਾਜ ਨੇ ਅੱਜ ਦੇ ਦਿਨ ਖਾਲਸਾ ਜੀ ਦੀ ਸਿਰਜਣਾ ਕੀਤੀ ਸੀ। ਇਹ ਖਾਲਸੇ ਦਾ ਜਨਮ ਦਿਨ ਨਹੀਂ ਹੈ ਕਿਉਂਕਿ

*ਜੋ ਜਨਮੈ ਸੋ ਜਾਨਹੁ ਮੂਆ ॥*

*ਗੋਵਿੰਦ ਭਗਤ ਅਸਥਿਰੁ ਹੈ ਥੀਆ ॥੧॥ (ਅੰਗ 375)*

ਜੋ ਜੰਮਦਾ ਹੈ ਉਹ ਮਰਦਾ ਹੈ। ਜਿਸ ਦੀ ਸਿਰਜਣਾ ਹੁੰਦੀ ਹੈ ਉਹ ਅਸਥਿਰ ਰਹਿੰਦਾ ਹੈ। ਸੋਈ ਵਿਸਾਖੀ ਦਾ ਦਿਹਾੜਾ ਖਾਲਸਾ ਜੀ ਦਾ ਸਿਰਜਣਾ ਦਿਵਸ ਹੈ। ਉਸ ਸਮੇਂ ਹਿੰਦੂਸਤਾਨ ਉੱਤੇ ਮੁਗਲ ਸਲਤਨਤ ਅਤੇ ਮਹਿਮੂਦ ਗਜ਼ਨਵੀ ਵਰਗਿਆਂ ਨੇ ਬੜੇ ਜ਼ੁਲਮ ਕੀਤੇ। ਸਾਡੇ ਵੱਡੇ-ਵਡੇਰੇ ਹਿੰਦੂ ਸਨ। ਉਹਨਾਂ ਨੇ ਆਪਣੀ ਪਛਾਣ ਲਈ ਇੱਕ ਬੋਦੀ ਰੱਖੀ ਹੁੰਦੀ ਸੀ। ਜਦੋਂ ਹਮਲਾਵਾਰਾਂ ਨੇ ਹਮਲਾ ਕਰਨਾ ਉਹਨਾਂ ਨੇ ਆਪਣੀ ਬੋਦੀ ਕੱਟ ਦੇਣੀ ਤਾਂ ਕਿ ਪਤਾ ਨਾ ਲੱਗੇ ਕਿ ਅਸੀਂ ਹਿੰਦੂ ਹਾਂ ਜਾ ਮੁਸਮਾਨ ਹਾਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 1999 ਈ: ਵਿੱਚ ਵੈਸਾਖੀ ਦੇ ਦਿਹਾੜੇ 'ਤੇ ਖਾਲਸਾ ਪੰਥ ਦੀ ਸਿਰਜਣਾ ਕੀਤੀ। ਪੰਜ ਪਿਆਰੇ ਸਾਜੇ।

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*

*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*

*ਇਤੁ ਮਾਰਗਿ ਪੈਰੁ ਧਰੀਜੈ ॥*

*ਸਿਰ ਦੀਜੈ ਕਾਣਿ ਨ ਕੀਜੈ ॥ 20 ॥ (ਅੰਗ 1412)*

ਸਾਡਾ ਚਾਹੇ ਸਿਰ ਜਾਂਦਾ ਰਹੇ ਪਰ ਅਸੀਂ ਧਰਮ ਤੋਂ ਪਿੱਛੇ ਨਹੀਂ ਹੱਟਣਾ। ਉਸ ਸਮੇਂ ਸਾਰਿਆਂ ਨੇ ਅੰਮ੍ਰਿਤ ਨਹੀਂ ਸੀ ਛੱਕਿਆ। ਪਰ ਹਜ਼ੂਰ ਨੇ ਫੁਰਮਾਨ ਕੀਤਾ ਸੀ ਕਿ ਅਸੀਂ ਐਸੀ ਕੌਮ ਸਿਰਜ ਰਹੇ ਹਾਂ ਜਿਸ ਦੀ ਪਛਾਣ ਅਲੱਗ ਹੋਵੇਗੀ। ਉਹ ਛੁਪ ਨਹੀਂ ਸਕੇਗਾ, ਉਹ ਬੋਦੀ ਕੱਟ ਕੇ ਆਪਣੇ ਆਪ ਨੂੰ ਹਿੰਦੂ ਹੋਣ ਤੋਂ ਇਨਕਾਰ ਨਹੀਂ ਕਰੇਗਾ। ਅਸਲ ਵਿੱਚ ਹਜ਼ੂਰ ਨੇ ਗਰੀਬਾਂ ਦੀ ਰੱਖਿਆ ਵਾਸਤੇ ਇੱਕ ਫੌਜ਼ ਨੁਮਾ ਦਸਤੇ ਤਿਆਰ ਕੀਤੇ ਸਨ ਅਤੇ ਬਚਨ ਦਿੱਤੇ ਕਿ

*ਖਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮੇਂ ਹਉ ਕਰੂੰ ਨਿਵਾਸ।*

ਜੋ ਜੀਵ ਵੀ ਖਾਲਸੇ ਦੇ ਰੂਪ ਵਿੱਚ ਆਵੇਗਾ ਮੈਂ ਉਸ ਵਿੱਚ ਨਿਵਾਸ ਕਰੂੰਗਾਂ। ਅਸੀਂ ਹੁਣੇ ਹੀ ਕੀਰਤਨੀ ਜੱਥੇ ਦੀ ਟੇਪ ਸੁਣ ਰਹੇ ਸੀ ਕਿ ਹਜ਼ੂਰ ਨੇ ਫੁਰਮਾਨ ਕੀਤਾ ਕਿ

*ਜੋ ਹਮ ਕੋ ਪਰਮੇਸਰ ਉਚਰਿ ਹੈ।*

*ਤੇ ਸਭ ਨਰਕ ਕੁੰਡ ਮਹਿ ਪਰ ਹੈ ॥*

*ਤਥਾ*

*ਮੈ ਹੋ ਪਰਮ ਪੁਰਖ ਕੋ ਦਾਸਾ*

*ਦੇਖਨ ਆਯੋ ਜਗਤ ਤਮਾਸਾ।*

ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਆਪਣੇ ਆਪ ਨੂੰ ਪਰਮੇਸ਼ਰ ਨਹੀਂ ਅਖਵਾਇਆ। ਜਦੋਂ ਕਸ਼ਮੀਰੀ ਪੰਡਿਤਾਂ ਨੇ ਹਜ਼ੂਰ ਨੌਵੇਂ ਪਾਤਿਸ਼ਾਹ ਜੀ ਕੋਲ ਆ ਕੇ ਤਿਲਕ ਜਨੇਉ ਦੀ ਰੱਖਿਆ ਲਈ ਫਰਿਆਦ ਕੀਤੀ ਉਸ ਵਕਤ ਆਪ ਦੀ ਉਮਰ ਨੌ ਸਾਲ ਸੀ। ਆਪ ਬਾਹਰੋਂ ਖੇਡ ਕੇ ਆਏ ਅਤੇ ਪਿਤਾ ਜੀ ਨੂੰ ਪੁੱਛਿਆ ਕਿ ਤੁਸੀਂ ਉਦਾਸ ਕਿਉਂ ਹੋ? ਇਹ ਲੋਕ ਕਿਵੇਂ ਆਏ ਹਨ? ਹਜ਼ੂਰ ਨੌਵੇਂ ਪਾਤਿਸ਼ਾਹ ਜੀ ਨੇ ਫੁਰਮਾਨ ਕੀਤਾ ਕਿ ਤਿਲਕ ਜਨੇਉ ਦੀ ਰਾਖੀ ਲਈ ਕਿਸੇ ਮਹਾਂਪੁਰਸ਼ ਦੀ ਬਲੀ ਦੀ ਲੋੜ ਹੈ। ਤਦ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਨੌਵੇਂ ਪਾਤਿਸ਼ਾਹ ਜੀ ਨੂੰ ਕਿਹਾ ਕਿ ਤੁਹਾਡੇ ਤੋਂ ਵੱਡਾ ਮਹਾਂਪੁਰਸ਼ ਕੌਣ ਹੋ ਸਕਦਾ ਹੈ? ਤਦ ਹਜ਼ੂਰ ਨੌਵੇਂ ਪਾਤਿਸ਼ਾਹ ਜੀ ਨੇ ਫੁਰਮਾਨ ਕੀਤਾ "ਆ ਗਏ ਜੇ।" ਫੇਰ ਹਜ਼ੂਰ ਨੇ ਨੌ ਸਾਲ ਦੀ ਉਮਰ ਤੋਂ ਲੈ ਕੇ ਤੇਤੀ ਸਾਲ ਤੱਕ, ਹਜ਼ੂਰ ਨੌਵੇਂ ਪਾਤਿਸ਼ਾਹ ਜੀ ਨੇ ਜੋ ਸੀਸ ਦਾ ਬਲਿਦਾਨ ਦਿੱਤਾ ਉਸ ਲੜੀ ਨੂੰ ਅੱਗੇ ਤੋਰਿਆ। ਪਰ ਆਪ ਨੇ 1699 ਵਿੱਚ ਅੰਮ੍ਰਿਤ ਛਕਾਇਆ। 1699 ਤੋਂ 1708 ਤੱਕ ਉਹਨਾਂ ਨੇ ਜੁਲਮ ਦਾ ਟਾਕਰਾ ਕਰਦੇ ਹੋਏ ਲੜਾਈਆ ਲੜੀਆਂ। ਕਮਾਨ ਦਾ ਚਿੱਲਾ ਚਾੜਨ ਲੱਗਿਆਂ ਛੁਰੇ ਦਾ ਜਖਮ ਫੇਰ ਫਟ ਗਿਆ। ਮਾਲਿਕ ਦੀ ਮੌਜ ਸੀ ਪਰ ਉਹਨਾਂ ਨੇ ਬਹੁਤ ਹੀ ਸੰਘਰਸ਼ਮਈ ਜੀਵਨ ਬਤੀਤ ਕੀਤਾ। ਪਰ ਆਪਾਂ ਜੋ ਹਜ਼ੂਰ ਦੀ ਫੁੱਲਵਾੜੀ ਦਾ ਰੂਪ ਹਾਂ ਸਾਰਿਆਂ ਨੇ ਵੱਖਰੇ-ਵੱਖਰੇ ਰੰਗਾਂ ਵਿੱਚ ਦਸਤਾਰਾਂ ਸਜਾਈਆਂ ਹੋਈਆਂ ਹਨ। ਉਹ ਸਾਡੀ ਸਿਰਜਣਾ ਕਰ ਗਏ। ਜਿਸ ਕੌਮ ਨੂੰ ਖੂਨ ਪਾ ਕੇ ਸਿਰਜਿਆ ਗਿਆ ਹੋਵੇ ਉਹ ਕੌਮ ਕਦੇ ਖਤਮ ਨਹੀਂ ਹੋ ਸਕਦੀ। ਹਜ਼ੂਰ ਨੇ ਪਿਤਾ ਵਾਰਿਆ, ਮਾਤਾ ਵਾਰੀ, ਚਾਰ ਸਾਹਿਬਜ਼ਾਦੇ ਵਾਰੇ, ਆਪਾ ਵਾਰ ਦਿੱਤਾ। ਇਸੇ ਕਰਕੇ ਹਜ਼ੂਰ ਨੂੰ ਸਰਬੰਸ ਦਾਨੀ ਕਿਹਾ ਗਿਆ ਹੈ। ਸੋਈ ਅੱਜ ਉਸ ਸਾਹਿਬ-ਏ- ਇਕਬਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦਾ ਸਿਰਜਣਾ ਦਿਵਸ ਹੈ। ਸਾਨੂੰ ਸਾਰਿਆਂ ਨੂੰ ਖਾਲਸਾ ਜੀ ਦੇ ਸਿਰਜਣਾ ਦਿਵਸ ਦੀ ਲੱਖ-ਲੱਖ ਵਧਾਈ ਹੋਵੇ।

*ਵਧੇ ਫੂਲੇ ਰੰਗ ਮਾਣੇ ਸਈਉ*

*ਨੀ ਮੇਰੇ ਸਤਿਗੁਰ ਦੀ ਵਾੜੀ।*

ਅਸੀਂ ਅਰਦਾਸ ਕਰਦੇ ਹਾਂ ਕਿ ਇਹ ਵਾੜੀ, ਬਾਗ, ਬਗੀਚਾ ਸਦਾ ਰਹਿਆ ਭਰਿਆ ਰਹੇ ਅਤੇ ਵਧੇ ਫੁੱਲੇ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਨਹਾਰ, ਸ਼ਹੀਦਾਂ ਦੇ ਸਿਰਤਾਜ ਦੇ ਉਚਾਰਨ ਕੀਤੇ ਮਹਾਂਵਾਕ ਵਿੱਚੋਂ ਹੁਕਮਨਾਮਾ ਆਇਆ ਹੈ। ਐ ਦੁਨੀਆਂ ਵਾਲਿਓ! ਅਸੀਂ ਸਿੱਖ ਅਖਵਾਉਂਦੇ ਹਾਂ। ਗੁਰਬਾਣੀ ਦੇ ਪੈਰੋਕਾਰ ਅਖਵਾਉਂਦੇ ਹਾਂ। ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦੇ ਪੁੱਤਰ-

ਪੁੱਤਰੀਆਂ ਅਖਵਾਉਂਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਸਾਡੇ ਸਿਰ ਉੱਪਰ ਮਿਹਰ ਭਰਿਆ ਹੱਥ ਰੱਖਣ, ਸਾਡੀ ਰੱਖਿਆ ਕਰਨ ਤਾਂ ਇਸੇ ਪ੍ਰਥਾਇ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਫੁਰਮਾਉਂਦੇ ਹਨ ਕਿ ਜਿਸ ਤਰ੍ਹਾਂ ਸਰੋਵਰ ਵਿੱਚ ਇਸ਼ਨਾਨ ਕਰਨ ਨਾਲ ਸਾਡੇ ਤਨ ਦੀ ਮੈਲ ਉੱਤਰਦੀ ਹੈ, ਠੰਡ ਪੁਹੰਚਦੀ ਹੈ। ਇਸ ਤਰ੍ਹਾਂ ਤੁਸੀਂ ਗੁਰਬਾਣੀ ਦੀ ਸ਼ਰਨ ਵਿੱਚ ਆ ਕੇ ਦੇਖੋ, ਸੰਤਾਂ ਦੇ ਬਚਨ, ਸੰਤਾਂ ਦੇ ਚਰਣਾਂ ਦਾ, ਗੁਰਬਾਣੀ ਦਾ ਓਟ ਆਸਰਾ ਲੈ ਕੇ ਦੇਖੋ ਇਹ ਤੁਹਾਡੇ ਉੱਪਰ ਬਖਸ਼ਿਸ਼ ਕਰੇਗੀ। ਜਿਸ ਤਰ੍ਹਾਂ

*ਸਰਵਰ ਤਰਵਰ ਸੰਤ ਜਨ ਚੌਥੇ ਬਰਸੇ ਮੇਹ।*
*ਪਰਮਾਰਥ ਕੇ ਕਾਰਨੇ ਚਾਰੋਂ ਧਾਰੇਂ ਦੇਹ।*

ਸਰੋਵਰ ਦਾ ਕੋਈ ਖੁਦ ਦਾ ਹਿੱਤ ਨਹੀਂ ਹੁੰਦਾ। ਲੋਕ ਉਸ ਵਿੱਚ ਨਹਾਉਂਦੇ ਹਨ। ਮਲ ਮੂਤਰ ਤਿਆਗ ਨੇ ਸਫ਼ਾਈ ਕਰਦੇ ਹਨ। ਕੱਪੜੇ ਧੋਂਦੇ ਹਨ। ਜਾਨਵਰਾਂ ਨੂੰ ਨਹਾਉਂਦੇ ਹਨ। ਪਸ਼ੂ ਪੰਛੀ ਪਾਣੀ ਪੀਂਦੇ ਹਨ। ਉਸੇ ਸਰੋਵਰ ਵਿੱਚੋਂ ਖੇਤਾਂ ਨੂੰ ਪਾਣੀ ਲਾ ਕੇ ਫਸਲ ਬੀਜਦੇ ਹਨ। ਤਰਵਰ ਅਰਥਾਤ ਦਰੱਖਤ ਦਾ ਵੀ ਆਪਣਾ ਕੋਈ ਹਿੱਤ ਨਹੀਂ ਹੁੰਦਾ। ਉਹ ਲੋਕਾਂ ਨੂੰ ਛਾਂ. ਫੱਲ ਫੁੱਲ ਦਿੰਦੇ ਹਨ। ਉਸ ਦੀ ਲੱਕੜ ਦੇ ਵਧੀਆਂ ਦਰਵਾਜ਼ੇ, ਖਿੜਕੀਆਂ ਅਤੇ ਫਰਨੀਚਰ ਬਣਦਾ ਹੈ। ਜੋ ਲੱਕੜ ਬਚ ਜਾਂਦੀ ਹੈ ਉਸ ਨੂੰ ਸਾੜ ਕੇ ਭੱਠੀਆਂ ਵਿੱਚ ਕਾਰਖਾਨੇ ਵਿੱਚ, ਘਰਾਂ ਵਿੱਚ ਬਾਲਣ ਦੇ ਕੰਮ ਆਉਂਦੀ ਹੈ। ਇਸੇ ਤਰ੍ਹਾਂ ਸੰਤ ਵੀ ਦੁਨੀਆਂ ਵਿੱਚ ਜ਼ਾਹਿਰ ਨਹੀਂ ਹੁੰਦੇ। ਉਹ ਵੀ ਪਰਾਏ ਹਿੱਤ ਲਈ ਅਵਤਾਰ ਲੈਂਦੇ ਹਨ। ਰਿਸ਼ਤੇਦਾਰੀ ਅਤੇ ਗ੍ਰਿਹਸਤੀ ਜੀਵਨ ਵਿੱਚ ਵਿਚਰਦੇ ਹੋਏ ਵੀ ਉਹਨਾਂ ਦਾ ਉਦੇਸ਼ ਸੰਗਤ ਨੂੰ ਗੁਰਬਾਣੀ ਨਾਲ ਜੋੜਨਾ ਹੁੰਦਾ ਹੈ। ਅਤੇ ਚੌਥੀ ਗੱਲ ਬਾਰਿਸ਼ ਅਗਰ ਨਾ ਪਵੇ ਤਦ ਅਸੀਂ ਤੁਸੀਂ ਬਚ ਨਹੀਂ ਸਕਦੇ। ਫਸਲ ਵੀ ਸੁੱਕ ਜਾਵੇਗੀ, ਦੁਨੀਆਂ ਵਿੱਚ ਕਾਲ ਪੈ ਜਾਵੇਗਾ।

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥*
*(ਅੰਗ 8)*

*ਤਥਾ*

*ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥*
*(ਅੰਗ 472)*

ਸੋਈ ਬਾਰਿਸ਼ ਦਾ ਵੀ ਆਪਣਾ ਕੋਈ ਹਿੱਤ ਨਹੀਂ ਹੁੰਦਾ ਉਹ ਵੀ ਦੁਨੀਆਂ ਦੇ ਹਿੱਤ ਵਾਸਤੇ ਵਰਸਦੀ ਹੈ। ਬਾਰਿਸ਼ ਵੀ ਅਗਰ ਸਹੀ ਮਾਤਰਾ ਵਿੱਚ ਪਵੇ ਤਦ ਠੀਕ ਹੈ। ਕਿਉਂਕਿ Excess of everything is bad.

ਸੋਈ ਅਗਰ ਸਰੋਵਰ ਦੇ ਕੰਢੇ ਜਾਂਦੇ ਹੋ ਉੱਥੇ ਜਾ ਕੇ ਇਸ਼ਨਾਨ ਵੀ ਕਰਨਾ ਹੈ। ਸਿਮਰਨ ਕਰਕੇ ਆਪਣੇ ਮਨ ਦੀ ਸਫ਼ਾਈ ਵੀ ਕਰਨੀ ਹੈ। ਅਗਰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਲਿਆ ਪਰ ਗੁਰਬਾਣੀ ਉੱਪਰ ਅਮਲ ਕਰਕੇ ਸਿਮਰਨ ਨਾ ਕੀਤਾ ਫੇਰ ਮੱਥਾ ਟੇਕਣ ਨਾਲ ਗੱਲ ਨਹੀਂ ਬਣਨੀ ਕਿਉਂਕਿ

*ਸਤਿਗੁਰ ਨੋ ਸਭੁ ਕੋ ਵੇਖਦਾ*
*ਜੇਤਾ ਜਗਤੁ ਸੰਸਾਰੁ॥*
*ਡਿਠੈ ਮੁਕਤਿ ਨ ਹੋਵਈ*
*ਜਿਚਰੁ ਸਬਦਿ ਨ ਕਰੇ ਵੀਚਾਰੁ॥ (ਅੰਗ 594)*

*ਤਥਾ*

*ਸਿਖੀ ਸਿਖਿਆ ਗੁਰ ਵੀਚਾਰਿ॥ (ਅੰਗ 465)*

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸੰਤਾਂ ਦੇ ਚਰਣ ਅਤੇ ਗੁਰਬਾਣੀ ਦੀ ਰਹਿਮਤ ਸਰੋਵਰ ਸਮਾਨ ਹੈ।

**ਕਰਿ ਮਜਨੁ ਹਰਿ ਸਰੇ ਸਭਿ ਕਿਲਬਿਖ ਨਾਸੁ ਮਨਾ॥**

ਮੰਜਨ ਅਰਥਾਤ ਦੰਦਾਂ ਨੂੰ ਸਾਫ਼ ਕਰਨ ਵਾਲਾ ਚੂਰਨ ਜਾਂ ਪੇਸਟ ਅਗਰ ਦੰਦਾਂ ਨੂੰ ਮਲਿਆ ਜਾਵੇਗਾ ਤਦ ਹੀ ਤੁਹਾਡੇ ਦੰਦ ਸਾਫ਼ ਹੋਣਗੇ। ਦਵਾਈ ਖਾਣ ਨਾਲ ਹੀ ਬਿਮਾਰੀ ਦੂਰ ਹੋਵੇਗੀ। ਹਰੀ ਦੇ ਨਾਮ ਦਾ ਮੰਜਨ ਕਰੋ। ਕਈ ਜੀਵ ਕਹਿੰਦੇ ਹਨ ਕਿ ਅਸੀਂ ਉਪਦੇਸ਼ ਲੈ ਲਿਆ ਹੈ ਪਰ ਸਾਡਾ ਆਹ ਕੰਮ ਨਹੀਂ ਬਣਦਾ। ਸਾਨੂੰ ਡਰ ਆਉਂਦਾ ਹੈ। ਸਾਨੂੰ ਰਾਤ ਨੂੰ ਕੋਈ ਨਾਲ ਤੁਰਿਆ ਫਿਰਦਾ ਨਜ਼ਰ ਆਉਂਦਾ ਹੈ। ਸਾਨੂੰ ਨੀਲ ਪੈਂਦੇ ਹਨ। ਅਸੀਂ ਉਹਨਾਂ ਨੂੰ ਪੁੱਛਦੇ ਹਾਂ, ਕੀ ਤੁਸੀਂ ਸਿਮਰਨ ਕਰਦੇ ਹੋ? ਕਦੇ ਗਾਰੜੂ ਮੰਤਰ ਦਾ ਪਾਠ ਕਰਦੇ ਹੋ? ਉਹ ਕਹਿੰਦੇ ਹਨ ਉਹ ਤਾਂ ਸਾਡੇ ਕੋਲੋਂ ਹੁੰਦਾ ਨਹੀਂ ਹੈ। ਹੁਣ ਦੇਖੋ ਹਰ ਜੀਵ ਚਾਹੁੰਦਾ ਹੈ ਮੇਰਾ ਡਾਕਟਰ ਵਧੀਆ ਹੋਵੇ। ਸਾਡੀ ਜਾਣ-ਪਛਾਣ ਵਾਲੇ ਵੀ ਕਈ ਜੀਵ ਹਨ ਉਹ ਵਿਦੇਸ਼ਾਂ ਵਿੱਚ ਜਾ ਕੇ ਡਾਕਟਰ ਤੋਂ ਦਵਾਈ ਲਿਖਵਾ ਕੇ ਅਤੇ ਲਿਆ ਕੇ ਅਲਮਾਰੀ ਵਿੱਚ ਰੱਖ ਲੈਂਦੇ ਹਨ ਪਰ ਖਾਂਦੇ ਨਹੀਂ ਹਨ। ਹੁਣ ਨਾਮ ਬਹੁਤ ਵਧੀਆ ਦਵਾਈ ਅਤੇ ਦਾਰੂ ਹੈ। ਅਗਰ ਆਪਾਂ ਇਸ ਦਾ ਪ੍ਰਯੋਗ ਕਰਾਂਗੇ ਫੇਰ ਹੀ ਸਾਨੂੰ ਆਰਾਮ ਆਵੇਗਾ। ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਫੁਰਮਾਉਂਦੇ ਹਨ ਕਿ ਅਸੀਂ ਵਾਅਦਾ ਕਰਦੇ ਹਾਂ, ਅਸੀਂ ਜ਼ਿੰਮੇਵਾਰੀ ਚੁੱਕਦੇ ਹਾਂ ਕਿ ਜੋ ਪ੍ਰਾਣੀ ਇਸ ਗੁਰਬਾਣੀ ਦਾ ਮੰਜਨ ਕਰੇਗਾ ਉਸ ਦੇ ਸਾਰੇ ਦੁੱਖ ਦੂਰ ਹੋ ਜਾਣਗੇ। ਪਰ ਅੱਜ ਕੱਲ ਕੱਟੜਵਾਦੀ ਸਿਸਟਮ ਵੀ ਹੋ ਗਿਆ ਹੈ। ਉਹ ਗੁਰਬਾਣੀ ਦੇ ਸ਼ਬਦ ਦੇ ਅਰਥ ਨੂੰ ਅੱਗਿਉਂ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰਕੇ ਟਾਲ ਦਿੰਦੇ ਹਨ। ਗੁਰਬਾਣੀ ਵਿਚ ਅੰਕਿਤ ਹੈ

*ਕਰਿ ਸਾਧੂ ਅੰਜੁਲੀ ਪੁੰਨ ਵਡਾ ਹੇ॥*

*ਕਰਿ ਡੰਡਉਤ ਪੁਨੁ ਵਡਾ ਹੇ॥੧॥ (ਅੰਗ 171)*

ਸਾਧੂ ਦੇ ਚਰਨਾਂ ਦੀ ਚਰਨਾਮਤ ਅਰਥਾਤ ਅੰਜਲੀ ਲੈਣੀ ਸਭ ਤੋਂ ਵੱਡਾ ਪੁੰਨ ਹੈ। ਜਿੱਥੇ ਸਾਧੂ ਬਿਰਾਜਦੇ ਹੋਣ ਉੱਥੇ ਲੰਮਾ ਪੈ ਕੇ ਡੰਡਾਉਤਾਂ ਕਰਦੇ ਜਾਵੋ ਤਦ ਉਸ ਤੋਂ ਵੱਡਾ ਹੋਰ ਕੋਈ ਪੁੰਨ ਨਹੀਂ ਹੈ। ਅੱਜਕੱਲ ਕਿਸੇ ਨੂੰ ਕੋਈ ਮੱਥਾ ਟੇਕਦਾ ਦੇਖ ਲਵੇ ਤਦ ਕਹਿੰਦੇ ਹਨ ਕਿ ਉਹ ਤਾਂ ਭਗਵਾਨ ਬਣਾ ਗਿਆ ਹੈ। ਪਰ ਆਪ ਸਾਰੇ ਹੀ ਮੱਥੇ ਟਿਕਵਾਉਂਦੇ ਹਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਅਗਰ ਸਾਡਾ ਸਿਰ ਹਿਰਦੇ ਚੋਂ ਨਹੀਂ ਝੁਕੇਗਾ ਫੇਰ ਗੱਲ ਨਹੀਂ ਬਣਨੀ। ਅਗਰ ਅਸੀਂ ਮੱਥਾ ਟੇਕਣ ਦੀ ਜਾਂ ਚਰਨਾਮਤ ਲੈਣ ਦੀ ਇੱਛਾ ਕਰੀਏ ਪਰ ਦਿਲੋਂ ਨਾ ਝੁਕੀਏ ਤਦ ਗੱਲ ਨਹੀਂ ਬਣਨੀ। ਗੁਰਬਾਣੀ ਵਿੱਚ ਬਹੁਤ ਸਾਰੀਆਂ ਤੁਕਾਂ ਹਨ। ਆਪਾਂ ਇੱਕ ਤੁੱਕ ਨੂੰ ਫੜ ਕੇ ਹੀ ਹਕੀਮ ਨਹੀਂ ਬਣ ਸਕਦੇ। ਕਿਉਂਕਿ

*ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥*

*(ਅੰਗ 470)*

*ਸੀਸਿ ਨਿਵਾਇਐ ਕਿਆ ਥੀਐ*

*ਜਾ ਰਿਦੈ ਕੁਸੁਧੇ ਜਾਹਿ॥੧॥ (ਅੰਗ 470)*

ਬਗਲਾ ਅੱਖਾਂ ਮੀਟ ਕੇ ਭਗਤ ਬਣਨ ਦਾ ਪਾਖੰਡ ਕਰਦਾ ਹੈ ਪਰ ਡੱਡੀਆਂ ਅਤੇ ਮੱਛੀਆਂ ਨੂੰ ਪਕੜਦਾ ਰਹਿੰਦਾ ਹੈ। ਅਪਰਾਧੀ ਵੀ ਨਿਉਂ ਦੇ ਡੰਡਾਉਤਾਂ ਕਰਦਾ ਹੈ। ਪਰ ਜੋ ਜੀਵ ਸਾਫ਼ ਹਿਰਦੇ ਨਾਲ ਆਉਂਦਾ ਹੈ, ਸਿਮਰਨ ਕਰਦਾ ਹੈ. ਮਾਲਿਕ ਦੀ ਸ਼ਰਨ ਵਿੱਚ ਆਉਂਦਾ ਹੈ ਉਹ ਬਖਸ਼ਿਆ ਜਾਂਦਾ ਹੈ। ਤੁਸੀਂ ਸਿਮਰਨ ਕਰਕੇ ਮਨ ਨੂੰ ਸਾਫ ਕਰਨ ਲਈ ਨਾਮ ਦਾ ਮੰਜਨ ਕਰਕੇ ਦੇਖੋ ਫੇਰ ਹਜ਼ੂਰ ਸਾਰੇ ਦੁੱਖ ਅਤੇ ਪਾਪ ਨਵਿਰਤ ਕਰ ਦੇਣਗੇ।

**ਕਰਿ ਸਦਾ ਮਜਨੁ ਗੋਬਿੰਦ ਸਜਨੁ ਦੁਖ ਅੰਧੇਰਾ ਨਾਸੇ॥**

ਐਸਾ ਨਾ ਹੋਵੇ ਕਿ ਵੈਸਾਖੀ ਤੇ ਆਏ ਅਤੇ ਸਤਿਸੰਗ ਸੁਣ ਲਿਆ ਜਾਂ ਸੰਗ੍ਰਾਂਦ ਜਾਂ ਐਤਵਾਰ ਜਾਂ ਗੁਰਪੁਰਬ ਤੇ ਸਤਿਸੰਗ ਸੁਣਨ ਆ ਗਏ। ਸਾਨੂੰ ਉਸ ਗੋਬਿੰਦ ਤਾਕਤ ਦਾ ਜਾਪ ਸਦਾ ਹੀ ਕਰਨਾ ਚਾਹੀਦਾ ਹੈ। ਗੋ ਤੋਂ ਭਾਵ ਹੈ ਸ੍ਰਿਸ਼ਟੀ ਅਤੇ ਬਿੰਦ-ਅਰਥਾਤ ਰਚਨਹਾਰ। ਹਜ਼ੂਰ ਦੀ ਮੌਜ ਹੋਵੇਗੀ। ਦਸਵੇਂ ਪਾਤਿਸ਼ਾਹ ਗੋਬਿੰਦ ਰਾਇ ਅਤੇ ਬਾਦ ਵਿੱਚ ਗੋਬਿੰਦ ਸਿੰਘ ਬਣੇ। ਪਰ ਉਹ ਗੋਬਿੰਦ ਤਾਂ ਸਨ ਹੀ ਕਿਉਂਕਿ ਉਹਨਾਂ ਨੇ ਖਾਲਸਾ ਜੀ ਦੀ ਸਿਰਜਣਾ ਕੀਤੀ। ਮਾਲਿਕ ਨੇ ਉਹਨਾਂ ਦਾ ਬਚਪਨ ਤੋਂ ਨਾਮ ਹੀ ਐਸਾ ਰਖਵਾਇਆ ਜਿਸ ਨੇ ਕੋਈ ਸਿਰਜਣਾ ਕਰਨੀ ਸੀ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਐ ਦੁਨੀਆ ਵਾਲਿਓ! ਉਸ ਤਾਕਤ ਦੀ ਸਦਾ ਹੀ ਅਰਾਧਨਾ ਕਰੋ। ਵੱਧ ਤੋਂ ਵੱਧ ਜਿੰਨਾ ਵੀ ਸਮਾਂ ਕੱਢ ਸਕਦੇ ਹੋ ਉਸ ਮਾਲਿਕ ਦੀ ਅਰਾਧਨਾ ਜਰੂਰ ਕਰੋ। ਫੇਰ ਤੁਹਾਨੂੰ ਕੋਈ ਦੁੱਖ ਅਤੇ ਤਕਲੀਫ਼ ਨਹੀਂ ਹੋਵੇਗੀ।

**ਜਨਮ ਮਰਣੁ ਨ ਹੋਇ ਤਿਸ ਕਉ ਕਟੈ ਜਮ ਕੇ ਫਾਸੇ॥**

ਹੁਣ ਕਈ ਪਰਿਵਾਰਾਂ ਵਿੱਚ ਕਿਸੇ ਦੀ ਪਤਨੀ ਕਿਸੇ ਦਾ ਪਤੀ ਗੁਜਰ ਜਾਂਦਾ ਹੈ। ਕਈਆਂ ਦੇ ਬਾਪ ਮਰ ਜਾਂਦੇ ਹਨ ਅਤੇ ਛੋਟੇ ਬੱਚੇ ਯਤੀਮ ਹੋ ਜਾਂਦੇ ਹਨ। ਐਸਾ ਨਾ ਸੋਚੋ ਕਿ ਜੀਵ ਨੇ ਮਰਨਾ ਨਹੀਂ ਹੈ। ਪਰ ਜਿਹੜਾ ਪ੍ਰਾਣੀ ਸਿਮਰਨ ਕਰਦਾ ਹੈ ਉਹ ਜਨਮ ਮਰਨ ਦੇ ਗੇੜ ਵਿੱਚੋਂ ਨਿਕਲ ਜਾਂਦਾ ਹੈ। ਉਹ ਦੁਬਾਰਾ ਚੁਰਾਸੀ ਵਿੱਚ ਨਹੀਂ ਪੈਂਦਾ ਭਾਵ ਮਰਨ ਜੰਮਣ ਤੋਂ ਮੁਕਤ ਹੋ ਜਾਂਦਾ ਹੈ। ਆਪਾਂ ਇਸ ਦੁਨੀਆਂ ਤੋਂ ਪਤਾ ਨਹੀਂ ਕਿੰਨੀ ਵਾਰ ਗਏ ਅਤੇ ਕਿੰਨੀ ਵਾਰ ਆਏ ਹਾਂ।

*ਬਹੁਤ ਜਨਮ ਬਿਛੁਰੇ ਤੇ ਮਾਧਉ*

*ਇਹੁ ਜਨਮੁ ਤੁਮਾਰੇ ਲੇਖੇ॥ (ਅੰਗ 694)*

*ਤਥਾ*

*ਕਈ ਜਨਮ ਭਏ ਕੀਟ ਪਤੰਗਾ॥*

*ਕਈ ਜਨਮ ਗਜ ਮੀਨ ਕੁਰੰਗਾ॥*

*ਕਈ ਜਨਮ ਪੰਖੀ ਸਰਪ ਹੋਇਓ॥*

*ਕਈ ਜਨਮ ਹੈਵਰ ਬ੍ਰਿਖ ਜੋਇਓ॥ (ਅੰਗ 176)*

ਇਹ ਸਾਰਾ ਸਲੋਕ ਪੜ੍ਹ ਕੇ ਪਤਾ ਚੱਲਦਾ ਹੈ ਕਿ ਪਤਾ ਨਹੀਂ ਆਪਾਂ ਕਿੰਨੀ ਵਾਰ ਗਏ ਅਤੇ ਕਿੰਨੀ ਵਾਰ ਆਏ। ਹਜ਼ੂਰ ਫ਼ੁਰਮਾਉਂਦੇ ਹਨ ਕਿ ਅਸੀਂ ਬਚਨ ਦਿੰਦੇ ਹਾਂ ਕਿ ਜੋ ਜੀਵ ਗੁਰਬਾਣੀ ਦੀ ਸ਼ਰਨ ਵਿੱਚ ਆ ਕੇ ਸਿਮਰਨ ਕਰਦੇ ਹਨ ਉਹ ਜੰਮਣ ਮਰਨ ਤੋਂ ਮੁਕਤ ਹੋ ਜਾਂਦੇ ਹਨ।

**ਮਿਲੁ ਸਾਧਸੰਗੇ ਨਾਮ ਰੰਗੇ ਤਹਾ ਪੂਰਨ ਆਸੋ॥**

ਅਗਰ ਕੱਪੜਾ ਵੀ ਹੋਵੇ ਰੰਗ ਵੀ ਹੋਵੇ ਪਰ ਜੇ ਲਲਾਰੀ ਵੱਧੀਆ ਨਾ ਹੋਵੇ ਤਦ ਕੱਪੜੇ ਨੂੰ ਡੱਬ ਪੈ ਜਾਂਦੇ ਹਨ। ਅੱਜਕੱਲ ਪੱਗਾਂ ਰੰਗੀਆਂ ਰੰਗਾਈਆਂ ਮਿਲ ਜਾਂਦੀਆਂ ਹਨ। ਪਰ ਪਹਿਲੇ ਸਮਿਆਂ ਵਿੱਚ ਚਿੱਟੀ ਪੱਗ ਲੈ ਕੇ ਲਲਾਰੀ ਕੋਲ ਜਾਣਾ। ਉਸ ਨੇ ਵੱਡੇ ਸਾਰੇ ਤਸਲੇ ਵਿੱਚ ਪਾਣੀ ਪਾ ਕੇ ਪੱਗ ਨੂੰ ਡੁਬੋ ਦੇਣਾ ਅਤੇ ਕਹਿਣਾ ਕਿ ਤੂੰ ਘਰ ਤੋਂ ਇਸ ਨੂੰ ਭਿਉਂ ਕੇ ਕਿਉਂ ਨਹੀਂ ਲਿਆਇਆ ਹੁਣ ਇਸ ਨੂੰ ਡੱਬ ਪੈ ਜਾਣੇ ਹਨ। ਇਸ ਕਰਕੇ ਹੁਣ ਤੂੰ ਕੱਲ ਆਵੀਂ ਮੈਂ ਸਾਰੀ ਰਾਤ ਭਿਉਂ ਕੇ ਰੱਖਣੀ ਹੈ ਅਤੇ ਕੱਲ ਨੂੰ ਰੰਗਣੀ ਹੈ। ਦਸਤਾਰ ਵਧੀਆ ਹੋਵੇ ਰੰਗ ਵਧੀਆ ਹੋਵੇ ਪਰ ਜੇਕਰ ਲਲਾਰੀ ਵਧੀਆ ਨਾ ਹੋਵੇ ਤਾਂ ਦਸਤਾਰ ਠੀਕ ਤਰ੍ਹਾਂ ਰੰਗੀ ਨਹੀਂ ਜਾਂਦੀ। ਸੋਈ ਸਾਧੂ ਸੱਚੇ ਲਲਾਰੀ ਹੁੰਦੇ ਹਨ। ਉਹ ਜੀਵ ਨੂੰ ਨਾਮ ਦਾ ਰੰਗ

ਚਾੜ੍ਹਦੇ ਹਨ।

ਹੁਣ ਰੰਗ ਦੇ ਬਚਨ ਆਏ ਹਨ ਤਾਂ ਅਸੀਂ ਦੱਸਦੇ ਹਾਂ ਕਿ ਜਿਸ ਤਰ੍ਹਾਂ ਕਿਸੇ ਬੀਬੀ ਨੂੰ ਸੋਨੇ ਦੀ ਮੁੰਦਰੀ ਮਿਲ ਗਈ। ਉਹ ਬਥੇਰਾ ਹੱਥ ਅੱਗੇ ਕਰ ਕਰ ਕੇ ਭੱਜੀ ਫਿਰੇ ਕਿ ਕੋਈ ਪੁੱਛੇ ਕਿ ਤੇਰੇ ਹੱਥ ਵਿੱਚ ਸੋਨੇ ਦੀ ਮੁੰਦਰੀ ਕਿਸ ਨੇ ਪਾਈ ਹੈ? ਪਰ ਉਸ ਨੂੰ ਕਿਸੇ ਨੇ ਨਾ ਪੁੱਛਿਆ। ਅੰਤ ਉਸ ਨੇ ਆਪਣੇ ਘਰ ਨੂੰ ਅੱਗ ਲਗਾ ਦਿੱਤੀ। ਜਿਹੜਾ ਵੀ ਆ ਕੇ ਪੁੱਛੇ ਕਿ ਬੀਬੀ ਕੀ ਹੋਇਆ? ਉਹ ਆਪਣੀ ਮੁੰਦਰੀ ਵਾਲੀ ਉਂਗਲੀ ਅੱਗੇ ਕਰ ਕੇ ਕਹੇ ਕਤਾਰ ਦੀ ਕਤਾਰ ਬੈਠ ਜਾਉ। ਮੈਂ ਤੁਹਾਨੂੰ ਦੱਸਦੀ ਹਾਂ। ਮੇਰੀ ਇਸ ਉਂਗਲ ਵੱਲ ਧਿਆਨ ਰੱਖੋ ਅਤੇ ਕਤਾਰ ਵਿੱਚ ਬੈਠ ਜਾਉ। ਉਹ ਕਹਿਣ ਲੱਗੇ ਇਸ ਉਂਗਲ ਵਿੱਚ ਬੀਬੀ ਤੂੰ ਮੁੰਦਰੀ ਪਾਈ ਹੈ। ਉਹ ਬੋਲੀ ਹਾਏ-ਹਾਏ! ਅਗਰ ਪਹਿਲਾਂ ਹੀ ਮੁੰਦਰੀ ਬਾਰੇ ਕਹਿ ਦਿੰਦੇ ਤਾਂ ਮੈਂ ਘਰ ਨੂੰ ਅੱਗ ਕਿਉਂ ਲਾਉਂਦੀ। ਸੋਈ ਐਸਾ ਮਹੌਲ ਬਣਿਆ ਕਿ ਜਿੱਥੇ ਵੀ ਸੰਗਤ ਨੇ ਜਾਣਾ ਕਿਸੇ ਨੇ ਉੱਠ ਕੇ ਕਹਿਣਾ ਕਿ ਮੈਂ ਹੀ ਟਰਾਲੀਆਂ ਅਤੇ ਬੱਸਾਂ ਭਰ ਕੇ ਆਹ ਸਾਰੀ ਸੰਗਤ ਲਿਆਂਦੀ ਹੈ। ਤਦ ਹਜ਼ੂਰ ਦੀ ਮੌਜ ਹੋਈ ਅਸੀਂ ਸੋਚਿਆ ਕਿ ਸੰਗਤ ਐਸੀਆਂ ਦਸਤਾਰਾਂ ਅਤੇ ਦੁੱਪਟੇ ਪਹਿਨੇ ਕਿ ਸੰਗਤ ਕਿਸੇ ਤੋਂ ਛੁਪਾਇਆਂ ਨਾ ਛੁਪੇ। ਕੋਈ ਹੋਰ ਨਾ ਕਹਿ ਸਕੇ ਇਹ ਸੰਗਤ ਸਾਡੀ ਸੰਸਥਾ ਨਾਲ ਸੰਬੰਧਿਤ ਹੈ। ਪਰ ਹੁਣ ਕਈਆਂ ਨੇ ਬਹੁਤ ਗੂੜ੍ਹੇ ਰੰਗ ਦੀਆਂ ਪੱਗਾਂ ਬੰਨ੍ਹਣੀਆਂ ਸ਼ੁਰੂ ਕਰ ਦਿੱਤੀਆਂ ਹਨ। ਐਸਾ ਨਹੀਂ ਕਰਨਾ। ਤੁਸੀਂ ਇਹਨਾਂ ਦਾ ਰੰਗ ਅਸਮਾਨ ਦੇ ਰੰਗ ਨਾਲੋਂ ਬਦਲਣਾ ਨਹੀਂ ਹੈ। ਅਸਮਾਨ ਸਭ ਤੋਂ ਉੱਚਾ ਹੁੰਦਾ ਹੈ ਅਤੇ ਹਜ਼ੂਰ ਦੀ ਸੰਗਤ ਗੁਰਬਾਣੀ ਦੇ ਨਾਲ ਜੁੜੀ ਹੋਈ ਹੈ। ਇਹ ਸਾਬਤ ਹੋਣਾ ਚਾਹੀਦਾ ਹੈ ਕਿ ਸੰਗਤ ਸਭ ਤੋਂ ਉੱਚੀ ਅਤੇ ਸੁੱਚੀ ਹੈ। ਹੋਰ ਕੋਈ ਰੰਗ ਵੀ ਲਗਾਇਆ ਜਾ ਸਕਦਾ ਸੀ। ਬਾਕੀ ਸੰਸਥਾਵਾਂ ਨੇ ਕਿਸੇ ਨੇ ਚਿੱਟਾ, ਕਿਸੇ ਨੇ ਨੀਲਾ, ਕਿਸੇ ਨੇ ਪੀਲਾ, ਕਿਸੇ ਨੇ ਕੇਸਰੀ ਰੰਗ ਰੱਖਿਆ ਹੈ। ਨਿਰਮਲੇ ਅਤੇ ਉਦਾਸੀਨ ਸੰਸਥਾ ਵਾਲਿਆਂ ਨੇ ਗੇਰੂਏ ਰੰਗ ਰੱਖੇ ਹਨ। ਹਜ਼ੂਰ ਕਿਰਪਾ ਕਰਨ ਇਹ ਅਸਮਾਨੀ ਰੰਗ ਅਸਮਾਨ ਤੱਕ ਛੂਹਵੇ, ਤਰੱਕੀਆਂ ਕਰੇ। ਅਸੀਂ ਇਸ ਕਰਕੇ ਜ਼ਿਕਰ ਕੀਤਾ ਹੈ ਕਿ ਤੁਸੀਂ ਅਗਰ ਬਚਨ ਮੰਨ ਕੇ ਇਹ ਦਸਤਾਰਾਂ, ਦੁਪੱਟੇ ਲਵੋਗੇ ਤਦ ਹਜ਼ੂਰ ਤੁਹਾਨੂੰ ਸਭ ਨੂੰ ਦੇਖਦੇ ਹਨ ਅਤੇ ਭਗਤੀ ਵਿੱਚ ਵੀ ਅਤੇ ਪਰਿਵਾਰਿਕ ਅਤੇ ਦੁਨਿਆਵੀ ਕੰਮਾਂ ਵਿੱਚ ਵੀ ਸਫ਼ਲਤਾ ਮਿਲੇਗੀ। ਅਸੀਂ ਹੁਣ ਬਹੁਤ ਸਾਰੇ ਗੈਰ ਸਤਿਸੰਗੀਆਂ ਨੂੰ ਵੀ ਇਸ ਰੰਗ ਦੀਆਂ ਪੱਗਾਂ ਪਹਿਨੇ ਹੋਏ ਦੇਖਦੇ ਹਾਂ। ਸ਼ਾਇਦ ਉਹਨਾਂ ਨੂੰ ਵੀ ਇਹ ਰੰਗ ਵਧੀਆ ਲੱਗਣ ਲੱਗ ਗਿਆ ਹੈ। ਉਹਨਾਂ ਨੇ ਵੀ ਇਸ ਰੰਗ ਦੀਆਂ ਪੱਗਾਂ ਬੰਨ੍ਹਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਹ ਦਸਤਾਰ ਸਰਦਾਰੀ ਦੀ ਨਿਸ਼ਾਨੀ ਹੈ। ਅਸੀਂ ਇਹ ਨਹੀਂ ਕਹਿੰਦੇ ਕਿ ਤੁਸੀਂ ਜ਼ਰੂਰ ਹੀ ਇਸ ਤਰ੍ਹਾਂ ਕਰਨਾ ਹੈ। ਪਰ ਜੋ ਇਹ ਰੰਗ ਪਹਿਨੇਗਾ ਉਹ ਮਾਲਕ ਦੀਆਂ ਖੁਸ਼ੀਆਂ ਪ੍ਰਾਪਤ ਕਰੇਗਾ। ਹਜ਼ੂਰ ਹੀ ਆਪਣੀ ਐਸੀ ਬਖਸ਼ਿਸ਼ ਕਰਨ ਅਤੇ ਸਾਨੂੰ ਆਪਣੇ ਰੰਗ ਵਿੱਚ ਰੰਗਣ। ਹਜ਼ੂਰ ਵੱਖ-ਵੱਖ ਉਦਾਹਰਨਾਂ ਦੇ ਕੇ ਸਾਨੂੰ ਸਿੱਖਿਆ ਦੇ ਰਹੇ ਹਨ ਕਿ ਦੁਨੀਆਂ ਵਾਲਿਓ! ਮਾਲਿਕ ਕੋਲੋਂ ਉਸ ਹਰੀ ਦੇ ਨਾਮ ਵਿੱਚ ਰੰਗਣ ਦੀ ਜੁਗਤੀ ਪੁੱਛੋ ਅਤੇ ਯਤਨ ਕਰੋ। ਫੇਰ ਆਸ ਰੱਖਣੀ ਚਾਹੀਦੀ ਹੈ ਕਿ ਮਾਲਿਕ ਨੇ ਅਗਰ ਸਾਨੂੰ ਇਸ ਰੰਗ ਵਿੱਚ ਰੰਗਿਆ ਹੈ ਸਾਨੂੰ ਪੂਰੀ ਆਸ ਹੈ ਕਿ ਮਾਲਿਕ ਸਾਡੇ ਉੱਪਰ ਕਿਰਪਾ ਵੀ ਕਰਨਗੇ।

**ਬਿਨਵੰਤਿ ਨਾਨਕ ਧਾਰਿ ਕਿਰਪਾ**

**ਹਰਿ ਚਰਣ ਕਮਲ ਨਿਵਾਸੋ ॥੧॥**

ਸੱਚੇ ਪਾਤਿਸ਼ਾਹੋ! ਹੁਣ ਅਸੀਂ ਤੁਹਾਡੀ ਸ਼ਰਨ ਵਿੱਚ ਆਏ ਹਾਂ। ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੋ, ਰਹਿਮਤ ਕਰੋ, ਆਪਣੀ ਸ਼ਰਨ ਬਖਸ਼ੋ। ਸਾਨੂੰ ਹਮੇਸ਼ਾ ਐਸੀ ਬੇਨਤੀ ਅਤੇ ਜੋਦੜੀ ਕਰਦੇ ਰਹਿਣਾ ਚਾਹੀਦਾ ਹੈ।

ਹਜ਼ੂਰ ਕਿਰਪਾ ਅਤੇ ਬਖਸ਼ਿਸ਼ ਕਰਨਾ ਸੋਈ ਐੱਸ.ਜੀ. ਐੱਲ. ਜਨ ਸੇਵਾ ਕੇਂਦਰ ਗੜ੍ਹਾ ਜਲੰਧਰ ਨਾਲ ਸੰਬੰਧਿਤ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੇ ਖਾਲਸਾ ਜੀ ਦੇ 312ਵੇਂ ਸਿਰਜਣਾ ਦਿਵਸ ਦੀ ਖੁਸ਼ੀ ਵਿੱਚ ਸੇਵਾ ਭੇਜੀ ਹੈ। ਹਜ਼ੂਰ ਜਾਣੀ ਜਾਣ ਹਨ। ਸਭ ਦੀ ਸੇਵਾ ਕਬੂਲ ਕਰਕੇ ਗੁਰੂ ਘਰੋਂ ਬਖਸ਼ਿਸ਼ ਕਰਨ। ਦੇਸ਼ ਵਿਦੇਸ਼ ਦੀਆਂ ਸੰਗਤਾਂ ਨੇ ਧੁਰ ਕੀ ਬਾਣੀ ਦਾ ਓਟ ਆਸਰਾ ਲੈਂਦੇ ਹੋਏ ਅਖੰਡ ਪਾਠ ਕਰਵਾ ਕੇ ਭੋਗ ਉਪਰੰਤ ਆਏ ਹੁਕਮਨਾਮੇ ਤੇ ਯਸ਼ ਕਰਵਾਇਆ ਹੈ। ਹਜ਼ੂਰ ਕਿਰਪਾ ਕਰਕੇ ਸਭ ਦੀਆਂ ਸ਼ੁੱਭ ਭਾਵਨਾਵਾਂ ਮਨਜ਼ੂਰ ਕਰਨ। ਸਾਰੇ ਪਰਿਵਾਰਾਂ ਵਿੱਚ ਖੁਸ਼ੀਆਂ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ ਅਤੇ ਨਾਮ ਦੀ ਦਾਤ ਬਖਸ਼ ਕੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ। ਜੋ ਸੰਗਤ ਦੇਸ਼ ਵਿਦੇਸ਼ ਵਿੱਚੋਂ ਨਹੀਂ ਆ ਸਕੀ ਹਜ਼ੂਰ ਸਭ ਦੀਆਂ ਹਾਜਰੀਆਂ ਕਬੂਲ ਕਰਨ। ਫੇਰ ਆਈ ਸੰਗਤ ਨੂੰ ਦੇਸ਼ ਵਿਦੇਸ਼ ਦੀ ਸੰਗਤ ਨੂੰ, ਸਾਰੀ ਕਾਇਨਾਤ ਨੂੰ ਖਾਲਸਾ ਜੀ ਦੇ 312ਵੇਂ ਸਿਰਜਣਾ ਦਿਵਸ ਦੀ ਲੱਖ-ਲੱਖ ਵਧਾਈ ਹੋਵੇ। ਇਹ ਕੌਮ ਬਹੁਤ ਹੀ ਛੋਟੀ ਉਮਰ ਦੀ ਹੈ। ਪਰ ਇਸ ਕੌਮ ਪਿੱਛੇ ਸਿਰਜਣਹਾਰ ਤਾਕਤ ਦਾ ਹੱਥ ਹੈ। ਹਜ਼ੂਰ ਸਾਡੇ ਉੱਪਰ ਇਸ ਤਰ੍ਹਾਂ ਹੀ ਮਿਹਰ ਭਰਿਆ ਹੱਥ ਰੱਖੀ ਰੱਖਣ ਅਤੇ ਅਸੀਂ ਇਹ ਦਿਵਸ ਮਨਾਉਂਦੇ ਰਹੀਏ। ਕਿਉਂਕਿ ਹਜ਼ੂਰ ਦੀ ਕਿਰਪਾ ਨਾਲ ਹੀ ਅਸੀਂ ਇਹ ਦਿਨ ਮਨਾ ਸਕਦੇ ਹਾਂ।

# ਸਤਿਸੰਗ

**ਸੂਹੀ ਮਹਲਾ ੫ ॥ (ਅੰਗ 744)**

**ਅੰਮ੍ਰਿਤ ਬਚਨ ਸਾਧ ਕੀ ਬਾਣੀ ॥**

ਸਾਰੀ ਆਈ ਸੰਗਤ ਨੂੰ ਹਜ਼ੂਰ ਸੱਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ 381ਵੇਂ ਅਵਤਾਰ ਪੁਰਬ ਦੀ ਲੱਖ-ਲੱਖ ਵਧਾਈ ਹੋਵੇ। ਇਸ ਸੰਬੰਧ ਵਿੱਚ ਅਖੰਡ ਪਾਠ ਰਖਵਾਇਆ ਗਿਆ ਸੀ। ਭੋਗ ਉਪਰੰਤ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਦੇ ਉਚਾਰਨ ਕੀਤੇ ਮਹਾਂਵਾਕ ਵਿਚੋਂ ਹੁਕਮਨਾਮਾ ਆਇਆ ਹੈ। ਹਜ਼ੂਰ ਸੱਤਵੇਂ ਪਾਤਿਸ਼ਾਹ ਜੀ ਦੀਆਂ ਲੀਲਾ ਤਾਂ ਬਹੁਤ ਹਨ। ਪਰ ਇੱਕ ਅਸੀਂ ਆਪਣੇ ਹਜ਼ੂਰ ਧਿਆਨਪੁਰ ਵਾਲਿਆਂ ਦੇ ਮੁਖਾਰਬਿੰਦ 'ਚੋਂ ਸੁਣਿਆ ਸੀ ਕਿ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਬਗੀਚੇ ਵਿੱਚ ਵਿਚਰ ਰਹੇ ਸਨ। ਪਹਿਲਾਂ ਖੁੱਲੇ ਚੋਲੇ ਪਾਉਣ ਦੀ ਪ੍ਰਪੰਰਾ ਹੁੰਦੀ ਸੀ। ਉਸੇ ਨੂੰ ਮੁੱਖ ਰੱਖ ਕੇ ਸਾਡੀਆਂ ਕਈ ਸਿੱਖ ਹਸਤੀਆਂ ਖੁੱਲ੍ਹੇ-ਖੁੱਲ੍ਹੇ ਚੋਲੇ ਪਾਉਂਦੀਆਂ ਹਨ। ਉਸ ਸਮੇਂ ਇਹ ਪ੍ਰੰਪਰਾ ਸੀ ਕਿ ਜੋ ਗੁਰੂਕਿਆਂ ਦੀ ਅੰਸ਼-ਵੰਸ਼ ਹੁੰਦੀ ਸੀ ਜਾਂ ਜੋ ਉਹਨਾਂ ਦੇ ਨਾਲ ਜੁੜੇ ਹੁੰਦੇ ਸੀ, ਪੁੱਤਰ, ਪੋਤਰੇ ਖੁੱਲ੍ਹੇ-ਖੁੱਲ੍ਹੇ ਚੋਲੇ ਪਾਇਆ ਕਰਦੇ ਸੀ। ਇਸਲਾਮ ਮੱਤ ਵਿੱਚ ਵੀ ਨਵਾਬਾਂ ਅਤੇ ਸ਼ੇਖਾਂ ਦੇ ਬੱਚੇ ਇੰਜ ਕਰਦੇ ਹਨ। ਜਦੋਂ ਹਜ਼ੂਰ ਛੇਵੇਂ ਪਾਤਿਸ਼ਾਹ ਬਗੀਚੇ ਵਿੱਚੋਂ ਲੰਘੇ ਤਾਂ ਸੰਗਤ ਕਹਿਣ ਲੱਗੀ ਹਜ਼ੂਰ ਦੇਖੋ ਇਹ ਕਿੰਨਾ ਸੋਹਣਾ ਫੁੱਲ ਖਿੜਿਆ ਹੈ। ਇਸ ਨੇ ਸਾਰੇ ਬਗੀਚੇ ਦੀ ਸ਼ਾਨ ਬਣਾਈ ਹੋਈ ਹੈ। ਪਿੱਛੋਂ ਹਜ਼ੂਰ ਸੱਤਵੇਂ ਪਾਤਿਸ਼ਾਹ ਖੇਡਦੇ-ਖੇਡਦੇ ਆਏ ਅਤੇ ਉਹਨਾਂ ਦੇ ਚੋਲੇ ਨਾਲ ਅੜ ਕੇ ਉਹ ਫੁੱਲ ਟੁੱਟ ਕੇ ਬਿਖਰ ਗਿਆ। ਜਦੋਂ ਹਜ਼ੂਰ ਛੇਵੇਂ ਪਾਤਿਸ਼ਾਹ ਵਾਪਸ ਆਏ ਤਾਂ ਉਹਨਾਂ ਨੇ ਦੇਖਿਆ ਕਿ ਉਹ ਫੁੱਲ ਬਿਖਰਿਆ ਪਿਆ ਹੈ। ਉਹਨਾਂ ਨੇ ਸੰਗਤ ਨੂੰ ਪੁੱਛਿਆ ਕਿ ਇੱਥੇ ਜੋ ਸੁੰਦਰ ਫੁੱਲ ਸੀ ਉਹ ਕਿਸ ਨੇ ਤੋੜਿਆ ਹੈ? ਤਦ ਹਜ਼ੂਰ ਸੱਤਵੇਂ ਪਾਤਿਸ਼ਾਹ ਜੀ ਕਹਿਣ ਲੱਗੇ ਸੱਚੇ ਪਾਤਿਸ਼ਾਹੋ! ਇਹ ਫੁੱਲ ਮੇਰੇ ਚੋਲੇ ਵਿੱਚ ਫਸ ਕੇ ਟੁੱਟ ਗਿਆ ਸੀ। ਹਜ਼ੂਰ ਛੇਵੇਂ ਪਾਤਿਸ਼ਾਹ ਜੀ ਨੇ ਫੁਰਮਾਨ ਕੀਤਾ ਕਿ "ਪੁੱਤਰ! ਇਹ ਦੁਨੀਆਂ ਕਾਲਖ ਦੀ ਕੋਠੜੀ ਹੈ। ਚੋਲਾ ਸੰਭਾਲ ਕੇ ਤੁਰਿਆ ਕਰੋ। ਐਸੀ ਗਲਤੀ ਦੁਬਾਰਾ ਨਹੀਂ ਕਰਨੀ। ਹਮੇਸ਼ਾਂ ਆਪਣਾ ਚੋਲਾ ਸੰਭਾਲ ਕੇ ਤੁਰਨਾ।" ਤਦ ਹਜ਼ੂਰ ਸੱਤਵੇਂ ਪਾਤਿਸ਼ਾਹ ਜੀ ਨੇ ਦੋਹਾਂ ਹੱਥਾਂ ਨਾਲ ਚੋਲਾ ਫੜ ਲਿਆ। ਜਦੋਂ ਤੱਕ ਹਜ਼ੂਰ ਸੱਤਵੇਂ ਪਾਤਿਸ਼ਾਹ ਦੇਹ ਵਿੱਚ ਰਹੇ ਉਹਨਾਂ ਨੇ ਕਦੇ ਵੀ ਚੋਲਾ ਪਾ ਕੇ ਬਾਹਾਂ ਨਹੀਂ ਸੀ ਹਿਲਾਈਆਂ। ਉਹ ਹਮੇਸ਼ਾਂ ਚੋਲਾ ਫੜ ਕੇ ਤੁਰਦੇ ਸੀ। ਸਭ ਤੋਂ ਸ਼ਾਂਤੀ ਵਾਲਾ ਸਮਾਂ ਦਸਾਂ ਪਾਤਿਸ਼ਾਹੀਆਂ ਦੇ ਅਹਿਦ ਵਿਚੋਂ ਹਜ਼ੂਰ ਸੱਤਵੇਂ ਪਾਤਿਸ਼ਾਹ ਜੀ ਦਾ ਸੀ। ਕੋਈ ਲੜਾਈ, ਕੋਈ ਝਗੜਾ, ਕਿਸੇ ਸਰਕਾਰ ਜਾਂ ਮੁਗਲਾਂ ਨਾਲ ਵਾਦ ਵਿਵਾਦ ਨਹੀਂ ਹੋਇਆ ਸੀ। ਉਹਨਾਂ ਦਾ ਅਹਿਦ ਬਿਲਕੁੱਲ ਸ਼ਾਂਤਮਈ ਗੁਜਰਿਆ ਕਿਉਂਕਿ ਉਹ ਆਪਣੇ ਸਤਿਗੁਰ ਦੇ ਗੁਰ ਪ੍ਰਸਾਦੀ ਹੋਏ, ਸਤਿਗੁਰ ਦੇ ਬਚਨ ਮੰਨੇ।

*ਗੁਰ ਕਾ ਬਚਨੁ ਸਦਾ ਅਬਿਨਾਸੀ ॥*
*ਗੁਰ ਕੈ ਬਚਨਿ ਕਟੀ ਜਮ ਫਾਸੀ ॥*
*ਗੁਰ ਕਾ ਬਚਨੁ ਜੀਅ ਕੈ ਸੰਗਿ ॥*
*ਗੁਰ ਕੈ ਬਚਨਿ ਰਚੈ ਰਾਮ ਕੈ ਰੰਗਿ ॥੧ ॥.....*
*ਗੁਰ ਕਾ ਬਚਨੁ ਪਰਗਟੁ ਸੰਸਾਰਿ ॥*
*ਗੁਰ ਕੈ ਬਚਨਿ ਨ ਆਵੈ ਹਾਰਿ ॥ (ਅੰਗ 177)*

ਸੰਤਾਂ ਦੇ ਬਚਨ ਮੰਨਣੇ ਬਹੁਤ ਕਠਿਨ ਕੰਮ ਹੁੰਦਾ ਹੈ ਪਰ ਬਹੁਤ ਬਖਸ਼ਿਸ਼ ਵੀ ਹੁੰਦੀ ਹੈ। ਅਖੰਡ ਪਾਠ ਦੇ ਭੋਗ ਉਪਰੰਤ ਜੋ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਦੇ ਉਚਾਰਨ ਕੀਤੇ ਮਹਾਂਵਾਕ ਵਿਚੋਂ ਹੁਕਮਨਾਮਾ ਆਇਆ ਹੈ ਉਹ ਹਜ਼ੂਰ ਸੱਤਵੇਂ ਪਾਤਿਸ਼ਾਹ ਜੀ ਨੇ ਬਚਨ ਮੰਨਣ ਦੀ ਜੋ ਮਿਸਾਲ ਪੈਦਾ ਕੀਤੀ ਹੈ ਉਸੇ ਅਨੁਕੂਲ ਆਇਆ ਹੈ। ਹਜ਼ੂਰ ਪੰਜਵੇਂ ਪਾਤਿਸ਼ਾਹ ਇਸ ਹੁਕਮਨਾਮੇ ਵਿੱਚ ਜੋ ਭੇਦ ਬਖਸ਼ ਰਹੇ ਹਨ ਉਹ ਆਪਾਂ ਸਾਰਿਆਂ ਨੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਹਨ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਨਹਾਰ ਭੇਦ ਬਖਸ਼ ਰਹੇ ਹਨ ਕਿ ਆਪਾਂ ਸਾਰੇ ਕਹਿੰਦੇ ਹਾਂ ਕਿ ਫਲਾਣੀ ਜਗ੍ਹਾ ਤੋਂ ਅੰਮ੍ਰਿਤ ਛਕਿਆ ਹੈ। ਜਾਂ ਹਰਿਦੁਆਰ ਜਾਂ ਕਿਸੇ ਸੰਸਥਾ ਤੋਂ ਅੰਮ੍ਰਿਤ ਲਿਆਂਦਾ ਹੈ। ਪਰ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਫੁਰਮਾਨ ਕਰ ਰਹੇ ਹਨ ਕਿ ਸਾਧੂ ਦੇ ਮੁਖਾਰਬਿੰਦ 'ਚੋਂ ਨਿਕਲੇ ਬਚਨ ਹੀ ਅੰਮ੍ਰਿਤ ਹੁੰਦੇ ਹਨ। ਜਦੋਂ ਕੋਈ ਜੀਵ ਉਸ ਅੰਮ੍ਰਿਤ ਨੂੰ ਛਕਦਾ ਹੈ, ਗ੍ਰਹਿਣ ਕਰਦਾ ਹੈ, ਆਪਣੇ ਜੀਵਨ ਉੱਪਰ ਘਟਾਉਂਦਾ ਹੈ ਤਦ ਉਹਨਾਂ ਬਚਨਾਂ ਦੇ ਬਰਾਬਰ ਦੁਨੀਆਂ ਵਿੱਚ ਕੋਈ ਅੰਮ੍ਰਿਤ ਨਹੀਂ ਹੈ। ਹਜ਼ੂਰ ਪੰਜਵੇਂ ਪਾਤਿਸ਼ਾਹ ਫੁਰਮਾਉਂਦੇ ਹਨ ਕਿ ਜਿਸ ਜੀਵ ਨੇ ਆਪਣਾ ਜੀਵਨ ਗੁਰਬਾਣੀ ਅਨੁਸਾਰ ਸਾਧ ਲਿਆ—ਕਪੜੇ ਜਾਂ ਲਿਬਾਸ ਪਾ ਕੇ ਕੋਈ ਸਾਧ ਨਹੀਂ ਬਣ ਸਕਦਾ। ਸਾਧ ਦੀ ਸਿਫਤ ਸੁਖਮਨੀ ਸਾਹਿਬ ਵਿਚ ਦਰਜ ਹੈ। ਉਸ ਵਿੱਚ ਦਰਜ ਹੈ ਕਿ ਸਾਧ ਕੌਣ ਹੈ, ਸਾਧੂ ਕੌਣ ਹੈ, ਗਿਆਨੀ ਕੌਣ ਹੈ। ਸੋਈ ਸਾਧੂਆਂ ਦੇ ਬਚਨ ਹੀ ਅੰਮ੍ਰਿਤ ਹੁੰਦੇ ਹਨ।

**ਜੋ ਜੋ ਜਪੈ ਤਿਸ ਕੀ ਗਤਿ ਹੋਵੈ**
**ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥੧ ॥ ਰਹਾਉ ॥**

ਸੰਤਾਂ ਦੀ ਜ਼ੁਬਾਨ 'ਚੋਂ ਨਿਕਲਿਆ ਸ਼ਬਦ ਬੇਸ਼ੱਕ ਕਿਸੇ ਵੇਦ, ਸ਼ਾਸਤਰ ਜਾਂ ਗ੍ਰੰਥ ਵਿੱਚ ਨਾ ਹੋਵੇ। ਹੁਣ ਤਾਂ ਬਹੁਤ ਵਾਦ-ਵਿਵਾਦ ਖੜ੍ਹਾ ਹੋ ਗਿਆ ਹੈ।

ਤੁਸੀਂ ਬਾਬਾ ਬਕਾਲਾ ਸਾਹਿਬ ਤੋਂ ਬਟਾਲੇ ਨੂੰ ਜਾਓ ਤਾਂ ਸੱਜੇ ਹੱਥ ਬੋਰਡ ਲੱਗਾ ਹੈ ਕਿ ਗੁਰਦੁਆਰਾ ਭਾਈ ਸਿੰਘ ਬੇਲਾ ਜੀ। ਭਾਈ ਬੇਲਾ ਜੀ ਹਜ਼ੂਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੇਵਕ ਸਨ। ਉਹ ਹਜ਼ੂਰ ਦੇ ਨਾਲ ਸ੍ਰੀ ਅਨੰਦਪੁਰ ਸਾਹਿਬ ਕਿਲੇ ਵਿੱਚ ਸੇਵਾ ਕਰਦੇ ਸਨ। ਰੋਜਾਨਾ ਜਦੋਂ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਘੋੜੇ ਉੱਪਰ ਸਵਾਰ ਹੋ ਕੇ ਬਾਹਰ ਜਾਣ ਲੱਗਦੇ ਸੀ। ਭਾਈ ਬੇਲਾ ਜੀ ਨੇ ਜਾ ਕੇ ਬੇਨਤੀ ਕਰਨੀ ਸੱਚੇ ਪਾਤਿਸ਼ਾਹੋ! ਤੁਸੀਂ ਬਾਹਰ ਚੱਲੇ ਹੋ। ਕਿੰਨੇ ਦਿਨ ਬਾਹਰ ਰਹਿਣਾ ਹੈ ਜਾਂ ਕਿੱਥੇ ਰਹਿਣਾ ਹੈ। ਪਰ ਤੁਸੀਂ ਦਾਸ ਨੂੰ ਕੋਈ ਸ਼ਬਦ ਦੱਸ ਜਾਉ। ਅਸੀਂ ਉਸ ਦਾ ਜਾਪ ਕਰਾਂਗੇ। ਜੋ ਸ਼ਬਦ ਹਜ਼ੂਰ ਨੇ ਦੇਣਾ ਉਸ ਨੇ ਜਾਪ ਕਰੀ ਜਾਣਾ। ਇੱਕ ਦਿਨ ਉਹ ਕੰਮ ਵਿੱਚ ਲੱਗਾ ਹੋਇਆ ਸੀ। ਜਦੋਂ ਉਸ ਨੇ ਦੇਖਿਆ ਕਿ ਹਜ਼ੂਰ ਘੋੜੇ ਉੱਪਰ ਸਵਾਰ ਹੋ ਗਏ ਹਨ ਉਹ ਭੱਜਾ ਆਇਆ, ਆ ਕੇ ਘੋੜੇ ਦੀ ਲਗਾਮ ਫੜ ਲਈ ਅਤੇ ਬੇਨਤੀ ਕੀਤੀ ਸੱਚੇ ਪਾਤਿਸ਼ਾਹੋ! ਅੱਜ ਮੈਂ ਕੰਮ ਵਿਚ ਲੱਗਾ ਹੋਇਆ ਸੀ ਅਤੇ ਤੁਸੀਂ ਚਲੇ ਚੱਲੇ ਸੀ। ਮੈਨੂੰ ਅੱਜ ਦਾ ਬਚਨ ਦੇ ਦਿਓ। ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਫੁਰਮਾਨ ਕੀਤਾ

*ਜਾ ਓ ਭਾਈ ਬੇਲਾ। ਨਾ ਵਕਤ ਦੇਖਿਆ ਨਾ ਵੇਲਾ।*

ਅਸੀਂ ਹੁਣ ਤਿਆਰ ਹੋ ਕੇ ਜਾ ਰਹੇ ਹਾਂ ਅਤੇ ਤੂੰ ਹੁਣ ਸ਼ਬਦ ਮੰਗ ਰਿਹਾ ਏਂ। ਪਰ ਭਾਈ ਬੇਲੇ ਨੇ ਨਹੀਂ ਦੇਖਿਆ ਕਿ ਮੈਨੂੰ ਕੀ ਕਿਹਾ ਜਾਂ ਕੀ ਨਹੀਂ ਕਿਹਾ। ਉਸ ਨੇ ਆ ਕੇ ਚੌਂਕੜਾ ਮਾਰਿਆ ਅਤੇ ਜਾਪ ਕਰਨਾ ਸ਼ੁਰੂ ਕਰ ਦਿੱਤਾ ਕਿ

*ਜਾ ਭਾਈ ਬੇਲਾ। ਨਾ ਵਕਤ ਦੇਖਿਆ ਨਾ ਵੇਲਾ।*
*ਜਾ ਭਾਈ ਬੇਲਾ। ਨਾ ਵਕਤ ਦੇਖਿਆ ਨਾ ਵੇਲਾ।*
*ਜਾ ਭਾਈ ਬੇਲਾ। ਨਾ ਵਕਤ ਦੇਖਿਆ ਨਾ ਵੇਲਾ।*

ਇਹ ਜਾਪ ਕਰਨ ਨਾਲ ਉਸ ਦੀ ਸੁਰਤ ਚੜ੍ਹ ਗਈ। ਅਤੇ ਅੰਦਰ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦੇ ਦਰਸ਼ਨਾ ਦੀ ਰੀਲ੍ਹ ਚੱਲਣ ਲਗ ਗਈ। ਹਜ਼ੂਰ ਜਿੱਥੇ ਵੀ ਜਾਣ ਉਸ ਨੂੰ ਅੰਦਰ ਟੀ.ਵੀ. ਵਾਂਗ ਦਿਖਾਈ ਦੇਵੇ। ਫੇਰ ਜਦੋਂ ਹਜ਼ੂਰ ਅਗਲੀ ਵਾਰ ਬਾਹਰ ਜਾਣ ਲੱਗੇ ਤਾਂ ਭਾਈ ਬੇਲੇ ਨੇ ਬੇਨਤੀ ਕੀਤੀ ਕਿ ਸੱਚੇ ਪਾਤਿਸ਼ਾਹੋ! ਮੈਂ ਉਸ ਦਿਨ ਵਾਲਾ ਹੀ ਬਚਨ ਯਾਦ ਰੱਖ ਲੈਂਦਾ ਹਾਂ। ਉਸ ਨੇ ਸੰਗਤ ਨੂੰ ਦੱਸਿਆ ਕਿ ਹਜ਼ੂਰ ਨੇ ਜੋ ਬਚਨ ਕਹੇ ਸਨ ਮੈਂ ਉਹਨਾਂ ਦਾ ਹੀ ਜਾਪ ਕੀਤਾ ਸੀ ਅਤੇ ਮੇਰੀ ਸੁਰਤ ਅੰਦਰ ਲੱਗ ਗਈ।

ਹਜ਼ੂਰ ਫੁਰਮਾਉਂਦੇ ਹਨ ਕਿ ਸੰਤਾਂ ਦੇ ਮੁਖਾਰਬਿੰਦ 'ਚੋਂ ਨਿਕਲੇ ਬਚਨ ਅੰਮ੍ਰਿਤ ਹੁੰਦੇ ਹਨ। ਜਦੋਂ ਸਵਾਂਤ ਬੂੰਦ ਡਿੱਗਦੀ ਹੈ ਅਗਰ ਉਹ ਚਿੱਕੜ ਵਿਚ ਡਿੱਗਦੀ ਹੈ ਤਦ ਚਿੱਕੜ ਬਣ ਜਾਂਦੀ ਹੈ। ਅਗਰ ਉਹ ਇੱਕ ਐਸੀ ਨਸਲ ਦੀ ਮੱਛੀ ਦੇ ਮੂੰਹ ਵਿੱਚ ਡਿੱਗਦੀ ਹੈ ਤਾਂ ਉਹ ਹੀਰਾ, ਲਾਲ, ਮੋਤੀ ਅਤੇ ਜਵਾਹਰ ਬਣ ਜਾਂਦੀ ਹੈ, ਇਸੇ ਲਈ ਸੰਤਾਂ ਨੇ ਫੁਰਮਾਇਆ ਹੈ ਕਿ

*ਪ੍ਰਭ ਜੀ ਬਸਹਿ ਸਾਧ ਕੀ ਰਸਨਾ॥*
*ਨਾਨਕ ਜਨ ਕਾ ਦਾਸਨਿ ਦਸਨਾ॥੪॥ (ਅੰਗ 263)*

ਅਗਰ ਅਸੀਂ ਉਹਨਾਂ ਦੇ ਦਾਸ ਹੋ ਜਾਈਏ ਤਦ ਵੀ ਥੋੜ੍ਹਾ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਸੀਂ ਤੁਹਾਨੂੰ ਅੰਮ੍ਰਿਤ ਦੀ ਵਿਆਖਿਆ ਦੱਸ ਰਹੇ ਹਾਂ ਕਿ ਜਦੋਂ ਵੀ ਸਾਧੂਆਂ ਦੇ ਮੁਖਾਰਬਿੰਦ 'ਚੋਂ ਕੋਈ ਬਚਨ ਤੁਹਾਡੇ ਪ੍ਰਥਾਇ ਨਿਕਲਦਾ ਹੈ ਕਿ ਪੁੱਤਰ! ਤੂੰ ਆ ਕੰਮ ਕਰ। ਤਦ ਉਹਨਾਂ ਬਚਨਾਂ ਨੂੰ ਘੁੱਟ ਕੇ ਪੱਲੇ ਬੰਨ੍ਹ ਲਵੋ। ਉਹ ਬਚਨ ਖਜਾਨਾ ਹੁੰਦੇ ਹਨ। ਤੁਸੀਂ ਉਹਨਾਂ ਨੂੰ ਜਿੰਨਾ ਜਿਆਦਾ ਸੰਭਾਲ ਕੇ ਰੱਖੋਗੇ ਓਨਾ ਜਿਆਦਾ ਫਲ ਪਾਵੋਗੇ।

**ਕਲੀ ਕਾਲ ਕੇ ਮਿਟੇ ਕਲੇਸਾ॥**
**ਏਕੋ ਨਾਮੁ ਮਨ ਮਹਿ ਪਰਵੇਸਾ॥੧॥**

ਕਲੀ ਪੰਡਿਤ ਸੁਆਮੀ ਰਾਮਾਨੰਦ ਜੀ ਦੀ ਸੰਗਤ ਕਰਦਾ ਸੀ। ਸੁਆਮੀ ਰਾਮਾਨੰਦ ਜੀ ਨੇ ਹੁਕਮ ਲਾਇਆ ਸੀ ਕਿ ਤੁਸੀਂ ਫਲਾਣੇ ਬਾਣੀਏ ਦੀ ਦੁਕਾਨ ਤੋਂ ਰਾਸ਼ਨ ਨਹੀਂ ਲਿਆਉਣਾ ਕਿਉਂਕਿ ਉਹ ਘੱਟ ਤੋਲਦਾ ਹੈ, ਵੱਧ ਪੈਸੇ ਲੈਂਦਾ ਹੈ। ਇੱਕ ਦਿਨ ਕਲੀ ਪੰਡਿਤ ਗਜਾ ਕਰਨ ਗਏ। ਬਾਰਿਸ਼ ਪੈ ਰਹੀ ਸੀ। ਉਹ ਬਾਣੀਆ ਵੀ ਸੋਚਦਾ ਸੀ ਕਿ ਇਹ ਮੇਰੇ ਤੋਂ ਰਾਸ਼ਨ ਲੈਣ ਤਾਂ ਕਿ ਮੇਰੇ ਉੱਪਰ ਵੀ ਕਿਰਪਾ ਹੋਵੇ। ਉਹ ਕਲੀ ਪੰਡਿਤ ਨੂੰ ਕਹਿਣ ਲੱਗਾ ਕਿ ਸੁਆਮੀ ਰਾਮਾਨੰਦ ਜੀ ਕਿਹੜਾ ਦੇਖ ਰਹੇ ਹਨ? ਅੱਜ ਬਾਰਿਸ਼ ਪੈ ਰਹੀ ਹੈ ਤੂੰ ਮੇਰੇ ਕੋਲੋਂ ਰਾਸ਼ਨ ਲੈ ਜਾ। ਜਦੋਂ ਸੁਆਮੀ ਰਾਮਾਨੰਦ ਜੀ ਨੇ ਉਹ ਭੋਜਨ ਖਾਧਾ ਤਾਂ ਉਹਨਾਂ ਦੀ ਸਿਮਰਨ ਵਿਚ ਬਿਰਤੀ ਨਾ ਲੱਗੀ। ਉਹ ਅਵਾਜ ਦੇ ਕੇ ਪੁੱਛਣ ਲੱਗੇ ਕਿ ਅੱਜ ਗਜਾ ਕਰਨ ਕੌਣ ਗਿਆ ਸੀ ਅਤੇ ਰਾਸ਼ਨ ਕਿਥੋਂ ਲਿਆਂਦਾ ਸੀ? ਤਦ ਕਲੀ ਪੰਡਿਤ ਉੱਠ ਕੇ ਕਹਿਣ ਲੱਗਾ ਸੱਚੇ ਪਾਤਿਸ਼ਾਹੋ! ਮੈਂ ਭੁੱਲ ਗਿਆ ਸੀ, ਬਾਰਿਸ਼ ਪੈਂਦੀ ਸੀ ਅਤੇ ਮੈਂ ਉਸ ਬਾਣੀਏ ਦੀ ਦੁਕਾਨ ਤੋਂ ਰਾਸ਼ਨ ਲਿਆਂਦਾ ਸੀ। ਮੈਂ ਸੋਚਿਆ ਕਿ ਸੰਗਤ ਜਿਆਦਾ ਹੈ ਛਕ ਲਵੇਗੀ। ਸੁਆਮੀ ਰਾਮਾਨੰਦ ਜੀ ਨੇ ਫੁਰਮਾਨ ਕੀਤਾ ਕਿ ਤੂੰ ਗਲਤ ਕੰਮ ਕੀਤਾ ਹੈ, ਚੰਡਾਲਾਂ ਵਾਲਾ ਕੰਮ ਕੀਤਾ ਹੈ। ਹੁਣ ਤੂੰ ਚੰਡਾਲ ਦੇ ਘਰ ਜਨਮ ਲਵੇਂਗਾ। ਗੁਰਬਾਣੀ ਵਿੱਚ ਵੀ ਦਰਜ ਹੈ ਕਿ

*ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ॥ (ਅੰਗ 161)*

ਪਹਿਲਾਂ ਡੰਗਰਾਂ ਦੀਆਂ ਖੱਲਾਂ ਲਾਹੁਣ ਨੂੰ ਬਹੁਤ ਮਾੜਾ ਸਮਝਦੇ ਸਨ ਅਤੇ ਘ੍ਰਿਣਾ ਕਰਦੇ ਸਨ। ਅੱਜਕੱਲ ਕਾਰਖਾਨੇ ਲੱਗ ਗਏ ਹਨ ਅਤੇ ਲੋਕਾਂ ਦਾ ਪ੍ਰੋਫੈਸ਼ਨ (ਕਿੱਤਾ) ਬਣ ਗਿਆ

ਹੈ। ਤਦ ਉਸ ਕਲੀ ਪੰਡਿਤ ਦਾ ਜਨਮ ਐਸੀ ਬਰਾਦਰੀ ਵਿੱਚ ਹੋਇਆ। ਗੁਰੂ ਰਵਿਦਾਸ ਜੀ ਨੇ ਪੰਜ ਦਿਨ ਮਾਂ ਦਾ ਦੁੱਧ ਨਹੀਂ ਪੀਤਾ। ਹਾਹਾਕਾਰ ਮੱਚ ਗਈ ਕਿ ਫਲਾਣੀ ਬਰਾਦਰੀ ਵਿੱਚ ਬੱਚਾ ਪੈਦਾ ਹੋਇਆ ਹੈ ਉਸ ਨੇ ਪੰਜ ਦਿਨ ਤੋਂ ਮਾਂ ਦਾ ਦੁੱਧ ਨਹੀਂ ਪੀਤਾ, ਪਰ ਬਚਿਆ ਹੋਇਆ ਹੈ ਅਤੇ ਰੋਈ ਜਾ ਰਿਹਾ ਹੈ। ਸੁਆਮੀ ਰਾਮਾਨੰਦ ਜੀ ਨੇ ਅੰਤਰ ਦ੍ਰਿਸ਼ਟੀ ਨਾਲ ਦੇਖਿਆ ਕਿ ਇਹ ਤਾਂ ਕਲੀ ਪੰਡਿਤ ਹੈ। ਉਸ ਸਮੇਂ ਅਗਰ ਕੋਈ ਸਾਧੂ ਚਮਿਆਰਾਂ ਦੇ ਘਰ ਜਾਂ ਹੋਰ ਕਿਸੇ ਨੀਵੀਂ ਜਾਤੀ ਵਾਲਿਆਂ ਦੇ ਘਰ ਜਾਂਦਾ ਸੀ ਤਾਂ ਉਸ ਨਾਲ ਸਾਰੇ ਨਫਰਤ ਕਰਦੇ ਸੀ ਕਿ ਇਹ ਗਲਤ ਥਾਂ ਚਲਿਆ ਗਿਆ ਹੈ। ਸੁਆਮੀ ਰਾਮਾਨੰਦ ਜੀ ਉੱਥੇ ਪਹੁੰਚੇ ਅਤੇ ਜਾ ਕੇ ਮਾਂ ਅਤੇ ਬੱਚੇ ਦੋਹਾਂ ਨੂੰ ਪਿਆਰ ਦਿੱਤਾ ਅਤੇ ਫੁਰਮਾਨ ਕੀਤਾ ਕਿ ਪੁੱਤਰ ਤੇਰੇ ਕੋਲੋਂ ਗਲਤੀ ਬਹੁਤ ਛੋਟੀ ਜਿਹੀ ਹੋਈ ਸੀ ਪਰ ਸਜਾ ਬਹੁਤ ਵੱਡੀ ਮਿਲੀ ਹੈ। ਹੁਣ ਤੇਰਾ ਨਾਮ ਦੁਨੀਆਂ ਵਿੱਚ ਰੋਸ਼ਨ ਹੋਵੇਗਾ। ਤੇਰੀ ਦੁਨੀਆਂ ਵਿੱਚ ਜੈ-ਜੈ ਕਾਰ ਹੋਵੇਗੀ। ਸੋਈ ਗੁਰੂ ਰਵਿਦਾਸ ਜੀ ਮਹਾਰਾਜ ਨੂੰ ਆਪਣੇ ਸਤਿਗੁਰ ਦਾ ਅਸ਼ੀਰਵਾਦ ਮਿਲਿਆ ਹੋਇਆ ਸੀ ਫੇਰ

*ਭਗਤ ਭਗਤ ਜਗ ਵਜਿਆ ਚਹੁੰ ਚਕਾ ਵਿੱਚ ਚੰਮਰੇਟਾ।*

ਤਥਾ

*ਜਿਸੁ ਨੀਚ ਕਉ ਕੋਈ ਨ ਜਾਨੈ ॥*
*ਨਾਮੁ ਜਪਤ ਉਹੁ ਚਹੁ ਕੁੰਟ ਮਾਨੈ ॥੧॥ (ਅੰਗ 386)*

ਇਸ ਵਕਤ ਸਾਰੀ ਦੁਨੀਆਂ ਵਿੱਚ ਗੁਰੂ ਰਵਿਦਾਸ ਜੀ ਮਹਾਰਾਜ ਦੀ ਜੈ-ਜੈ ਕਾਰ ਹੋ ਰਹੀ ਹੈ ਪਰ ਪਿਛਲੇ ਜਨਮ ਵਿੱਚ ਉਹ ਕਲੀ ਪੰਡਿਤ ਸਨ। ਹਜ਼ੂਰ ਪੰਜਵੇਂ ਪਾਤਿਸ਼ਾਹ ਫੁਰਮਾਨ ਕਰ ਰਹੇ ਹਨ ਕਿ ਕਲੀ ਨੇ ਗਲਤੀ ਕੀਤੀ ਸੀ ਜਿਸਦੀ ਸਜਾ ਹੋਈ। ਪਰ ਸੁਆਮੀ ਰਾਮਾਨੰਦ ਜੀ ਦੇ ਬਚਨਾਂ ਅਨੁਸਾਰ ਬਖਸ਼ਿਸ਼ ਵੀ ਹੋਈ। ਸਾਰੇ ਕਲੇਸ਼ ਮਿਟ ਗਏ ਅਤੇ ਦੁਨੀਆਂ ਵਿੱਚ ਜੈ-ਜੈ ਕਾਰ ਹੋਈ। ਉਹਨਾਂ ਨੇ ਇੱਕ ਨਾਮ ਦਾ ਜਾਪ ਕਰਕੇ ਦੁਨੀਆਂ ਦਾ ਰਿਕਾਰਡ ਤੋੜ ਦਿੱਤਾ। ਜੋੜੇ ਗੰਢਦਿਆਂ ਐਨੀ ਭਗਤੀ ਕੀਤੀ ਕਿ ਬਾਦਸ਼ਾਹ ਨੇ ਆ ਕੇ ਛਤਰ ਝੁਲਾਏ।

**ਸਾਧੂ ਧੂਰਿ ਮੁਖਿ ਮਸਤਕਿ ਲਾਈ ॥**
**ਨਾਨਕ ਉਧਰੇ ਹਰਿ ਗੁਰ ਸਰਣਾਈ ॥੨॥**

ਜਦੋਂ ਜੀਵ ਸਾਧੂਆਂ ਦੇ ਬਚਨਾਂ ਦੀ ਧੂੜ ਮਸਤਕ ਉੱਪਰ ਲਾਉਂਦੇ ਹਨ ਅਤੇ ਸਾਧੂਆਂ ਦੀ ਸ਼ਰਨ ਵਿਚ ਆਉਂਦੇ ਹਨ ਉਹਨਾਂ ਦਾ ਅਧਾਰ ਅਵੱਸ਼ ਹੋ ਜਾਂਦਾ ਹੈ। ਐਸਾ ਨਹੀਂ ਕਿ ਹਜ਼ੂਰ ਇੱਕ, ਦੋ, ਤਿੰਨ, ਚਾਰ, ਹਜਾਰ, ਲੱਖ ਜਾਂ ਦੋ ਲੱਖ ਜਾਂ ਕਰੋੜ ਦਾ ਅਧਾਰ ਕਰਦੇ ਹਨ। ਜੋ ਵੀ ਜੀਵ ਉਹਨਾਂ ਦੀ ਸ਼ਰਨ ਵਿਚ ਆਉਂਦੇ ਹਨ ਹਜ਼ੂਰ ਸਭ ਦਾ ਅਧਾਰ ਕਰਦੇ ਹਨ।

ਸੋਈ ਹਜ਼ੂਰ ਕਿਰਪਾ ਕਰਨ। ਸਾਰੀ ਸੰਗਤ ਨੇ ਹਜ਼ੂਰ ਸੱਤਵੇਂ ਪਾਤਿਸ਼ਾਹ ਜੀ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਅਵਤਾਰ ਦਿਵਸ ਦਾ ਅਖੰਡ ਪਾਠ ਕਰਵਾ ਕੇ ਭੋਗ ਉਪਰੰਤ ਆਏ ਹੁਕਮਨਾਮੇ ਤੇ ਯਸ਼ ਕਰਵਾਇਆ ਹੈ। ਫੇਰ ਸਾਰੀ ਆਈ ਸੰਗਤ ਨੂੰ ਹਜ਼ੂਰ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਅਵਤਾਰ ਦਿਵਸ ਦੀ ਲੱਖ-ਲੱਖ ਵਧਾਈ ਹੋਵੇ। ਹਜ਼ੂਰ ਸਭਨਾਂ ਨੂੰ ਖੁਸ਼ੀਆਂ, ਖੇੜੇ ਅਤੇ ਨਾਮ ਦੀ ਦਾਤ ਬਖਸ਼ਣ।

# ਸਤਿਸੰਗ

**ਜੈਤਸਰੀ ਮਹਲਾ ੫ ॥** (ਅੰਗ 702)

**ਆਏ ਅਨਿਕ ਜਨਮ ਭ੍ਰਮਿ ਸਰਣੀ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਿਤਾ, ਸ਼ਹੀਦਾਂ ਦੇ ਸਿਰਤਾਜ ਫੁਰਮਾਨ ਕਰ ਰਹੇ ਹਨ ਕਿ ਸੱਚੇ ਪਾਤਿਸ਼ਾਹੋ! ਅਸੀਂ ਪਤਾ ਨਹੀਂ ਕਿੰਨੇ ਜਨਮ ਭੋਗ ਚੁੱਕੇ ਹਾਂ।

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ (ਅੰਗ 176)*

ਅਤੇ ਭਰਮਾਂ ਵਿੱਚ ਭਟਕ ਕੇ ਚਲੇ ਗਏ ਹਾਂ। ਇਸ ਕਰਕੇ ਹਜ਼ੂਰ

*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ ਿ*
*ਚਿਰ ਭਇਓ ਦਰਸਨੁ ਦੇਖੇ ॥2 ॥ (ਅੰਗ 694)*

ਅਸੀਂ ਬੜੇ ਜਨਮ ਭਰਮਾਂ ਵਿੱਚ ਪੈ ਕੇ ਗੁਆ ਲਏ ਹਨ। ਹੁਣ ਸਾਡੇ ਉੱਪਰ ਕਿਰਪਾ, ਰਹਿਮਤ ਅਤੇ ਬਖਸ਼ਿਸ਼ ਕਰੋ।

**ਉਧਰੁ ਦੇਹ ਅੰਧ ਕੂਪ ਤੇ**
**ਲਾਵਹੁ ਅਪੁਨੀ ਚਰਣੀ ॥੧॥ ਰਹਾਉ ॥**

ਹਜ਼ੂਰ! ਇਹ ਆਤਮਾ ਅੰਨ੍ਹੇ ਖੂਹ ਵਿੱਚ ਡਿੱਗੀ ਪਈ ਹੈ। ਇਸ ਨੂੰ ਕੁਝ ਵੀ ਪਤਾ ਨਹੀਂ ਹੈ ਕਿ ਇਸ ਨੇ ਕੀ ਕਰਨਾ ਹੈ। ਇਸ ਕਰਕੇ ਸਾਨੂੰ ਆਪਣੇ ਚਰਨੀ ਲਾ ਕੇ ਗਾਈਡ ਕਰੋ, ਸਿੱਖਿਆ ਦਿਉ, ਸੋਝੀ ਬਖਸ਼ੋ ਤਾਂ ਕਿ ਅਸੀਂ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੇ ਅੰਨ੍ਹੇ ਖੂਹ ਵਿੱਚੋਂ ਬਾਹਰ ਨਿਕਲ ਸਕੀਏ।

**ਗਿਆਨੁ ਧਿਆਨੁ ਕਿਛੁ ਕਰਮੁ ਨ ਜਾਨਾ**
**ਨਾਹਿਨ ਨਿਰਮਲ ਕਰਣੀ ॥**

ਸੱਚੇ ਪਾਤਿਸ਼ਾਹੋ! ਨਾ ਹੀ ਸਾਨੂੰ ਕੋਈ ਗਿਆਨ ਹੈ, ਨਾ ਹੀ ਸਾਡਾ ਧਿਆਨ ਲੱਗਦਾ ਹੈ। ਨਾ ਹੀ ਸਾਡੇ ਕਰਮ ਅਤੇ ਅਮਲ ਅੱਛੇ ਹਨ।

**ਸਾਧਸੰਗਤਿ ਕੈ ਅੰਚਲਿ ਲਾਵਹੁ**
**ਬਿਖਮ ਨਦੀ ਜਾਇ ਤਰਣੀ ॥੧॥**

ਸੱਚੇ ਪਾਤਿਸ਼ਾਹੋ! ਸਾਨੂੰ ਕਿਸੇ ਪੂਰਨ ਸੰਤਾਂ ਦੀ ਸ਼ਰਨ ਬਖਸ਼ੋ ਤਾਂ ਕਿ ਜਹਿਰਾਂ ਭਰੀ ਨਦੀ ਤੋਂ ਅਸੀਂ ਪਾਰ ਉਤਾਰਾ ਕਰ ਸਕੀਏ।

**ਸੁਖ ਸੰਪਤਿ ਮਾਇਆ ਰਸ ਮੀਠੇ**
**ਇਹ ਨਹੀ ਮਨ ਮਹਿ ਧਰਣੀ ॥**

ਹਜ਼ੂਰ! ਅਸੀਂ ਸੁੱਖਾਂ ਨੂੰ, ਪੈਸੇ ਨੂੰ, ਜਮੀਨਾਂ, ਜਾਇਦਾਦਾਂ, ਕੋਠੀਆਂ, ਮਹਿਲ, ਮਾੜੀਆਂ ਨੂੰ ਪਿਆਰ ਕਰਦੇ ਹਾਂ, ਇਹਨਾਂ ਦੇ ਮੋਹ ਵਿੱਚ ਫਸੇ ਬੈਠੇ ਹਾਂ। ਸਾਨੂੰ ਇਹਨਾਂ ਦੇ ਮੋਹ ਵਿੱਚੋਂ ਕੱਢ ਕੇ ਆਪਣੇ ਚਰਨੀਂ ਲਾਉ।

**ਹਰਿ ਦਰਸਨੁ ਤ੍ਰਿਪਤਿ ਨਾਨਕ ਦਾਸ ਪਾਵਤ**
**ਹਰਿ ਨਾਮ ਰੰਗਿ ਆਭਰਣੀ ॥੨॥**

ਸੱਚੇ ਪਾਤਿਸਾਹੋ! ਸਾਡੇ ਉੱਪਰ ਇੱਕ ਬਖਸ਼ਿਸ਼ ਕਰੋ ਕਿ ਸਾਨੂੰ ਆਪਣੇ ਦਰਸ਼ਨ ਬਖਸ਼ੋ ਅਤੇ ਨਾਮ ਦੀ ਦਾਤ ਬਖਸ਼ੋ। ਇਹ ਦੋ ਚੀਜਾਂ ਜਰੂਰ ਮੰਗੋ।

*ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥੪॥*
*(ਅੰਗ 1018)*

ਗੁਰ ਦੇ ਯਸ਼ ਨੂੰ ਹੀ ਨਾਮ ਕਿਹਾ ਗਿਆ ਹੈ। ਨਾਮ ਕੋਈ ਵਸਤੂ ਨਹੀਂ ਹੈ ਜੋ ਸਾਨੂੰ ਜਾਂ ਤੁਹਾਨੂੰ ਦੇ ਦਿੱਤੀ ਜਾਵੇਗੀ। ਜੋ ਜੀਵ ਸਿਮਰਨ ਅਤੇ ਬੰਦਗੀ ਕਰਦੇ ਹਨ ਉਹਨਾਂ ਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ।

# ਸਤਿਸੰਗ

**ਵਡਹੰਸੁ ਮ: ੩ ॥** **(ਅੰਗ 584)**

**ਪ੍ਰਭੁ ਮੇਰਾ ਸਾਹਿਬੁ ਸਭ ਦੂ ਊਚਾ ਹੈ**
**ਕਿਵ ਮਿਲਾਂ ਪ੍ਰੀਤਮ ਪਿਆਰੇ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨਿਥਾਂਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਪੱਤਿਆਂ ਦੀ ਪੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਨਿਆਸਰਿਆਂ ਦੇ ਆਸਰੇ ਫੁਰਮਾਨ ਕਰ ਰਹੇ ਹਨ ਕਿ ਮੇਰੇ ਸਤਿਗੁਰੂ ਸਭ ਤੋਂ ਉੱਚੇ ਸਥਾਨ ਤੇ ਬਿਰਾਜਮਾਨ ਹਨ। ਜਿੱਥੇ ਪੌੜੀ ਲਾ ਕੇ ਜਾਂ ਜਹਾਜ ਨਾਲ ਨਹੀਂ ਪਹੁੰਚਿਆ ਜਾ ਸਕਦਾ। ਦੁਨੀਆਂ ਕੁਝ ਗ੍ਰਹਿਆਂ ਜਾਂ ਚੰਦਰਮਾ ਉੱਪਰ ਜਾ ਰਹੀ ਹੈ। ਪਰ ਪਾਰਬ੍ਰਹਮ ਤਾਕਤ ਬਹੁਤ ਉੱਚੀ ਅਤੇ ਸੁੱਚੀ ਹੈ। ਉੱਥੋਂ ਤੱਕ ਕੋਈ ਵੀ ਜੀਵ ਆਪ ਨਹੀਂ ਜਾ ਸਕਦਾ। ਹਜ਼ੂਰ ਫੁਮਾਉਂਦੇ ਹਨ ਕਿ ਸੱਚੇ ਪਾਤਿਸ਼ਾਹੋ! ਤੁਸੀਂ ਬਹੁਤ ਉੱਚੇ ਅਤੇ ਸੱਚੇ ਹੋ। ਤੁਸੀਂ ਬਹੁਤ ਉੱਚੇ ਸਥਾਨ ਦੇ ਵਾਸੀ ਹੋ। ਮੈਨੂੰ ਸਮਝ ਨਹੀਂ ਆ ਰਹੀ ਕਿ ਮੈਂ ਕਿਵੇਂ ਤੁਹਾਨੂੰ ਆ ਕੇ ਮਿਲਾਂ। ਦੁਨਿਆਵੀ ਤੌਰ 'ਤੇ ਧਨ ਦੌਲਤ ਦੀ ਕਮੀ ਹੋਵੇ ਤਾਂ ਜੀਵ ਦੇਸ਼ ਵਿਦੇਸ਼, ਦਿੱਲੀ, ਚੰਡੀਗੜ੍ਹ ਨਹੀਂ ਜਾ ਸਕਦਾ। ਪਰ ਹਜ਼ੂਰ ਜਿੱਥੇ ਤੁਸੀਂ ਬੈਠੇ ਹੋ ਉੱਥੋਂ ਤੱਕ ਕਿਸੇ ਦੀ ਰਸਾਈ ਨਹੀਂ ਹੈ, ਕਿਸੇ ਕੋਲੋਂ ਪਹੁੰਚਿਆ ਨਹੀਂ ਜਾਂਦਾ। ਇਸ ਕਰਕੇ ਸਾਨੂੰ ਦੱਸੋ ਕਿ ਤੁਹਾਨੂੰ ਮਿਲਣ ਦਾ ਕਿਹੜਾ ਤਰੀਕਾ ਹੈ।

**ਸਤਿਗੁਰਿ ਮੇਲੀ ਤਾਂ ਸਹਜਿ ਮਿਲੀ**
**ਪਿਰੁ ਰਾਖਿਆ ਉਰ ਧਾਰੇ ॥**

ਹਜ਼ੂਰ ਆਪੇ ਸੋਝੀ ਬਖਸ਼ ਰਹੇ ਹਨ ਕਿ ਅਗਰ ਪੂਰਨ ਸਾਧੂ ਮਿਲ ਜਾਣ ਅਤੇ ਉਹ ਜੁਗਤੀ ਦੱਸ ਕੇ ਜੀਵ ਦਾ ਮਿਲਾਪ ਕਰਵਾ ਦੇਣ ਤਦ ਉਸ ਪਾਰਬ੍ਰਹਮ ਤਾਕਤ ਨਾਲ ਮਿਲਾਪ ਹੋ ਸਕਦਾ ਹੈ ਵਰਨਾ ਜੀਵ ਆਪ ਨਹੀਂ ਮਿਲ ਸਕਦਾ। ਹਜ਼ੂਰ ਤੀਸਰੇ ਪਾਤਿਸ਼ਾਹ ਫੁਰਮਾਨ ਕਰ ਰਹੇ ਹਨ ਕਿ ਉਹ ਆਪਣੇ ਬਿਰਦ ਦੀ ਲਾਜ ਰੱਖਦੇ ਹੋਏ ਇਹ ਬਖਸ਼ਿਸ਼ ਰਹਿਮਤ ਅਤੇ ਦਇਆ ਕਰਦੇ ਹਨ। ਜੀਵ ਨੂੰ ਪੂਰਨ ਸਾਧੂ ਮਿਲ ਜਾਣ ਤਦ ਜੀਵ ਇਹ ਨਾ ਸੋਚੇ ਕਿ ਬਹੁਤਾ ਸਿਮਰਨ, ਪੁੰਨ-ਦਾਨ, ਜਾਂ ਸੇਵਾ ਕੀਤਿਆਂ ਗੱਲ ਬਣੇਗੀ। ਐਸਾ ਨਹੀਂ ਹੈ। ਉਹ ਸਾਧੂ ਦਿਆਲੂ ਅਤੇ ਕਿਰਪਾਲੂ ਹੋ ਜਾਣ ਅਤੇ ਆਪਣੇ ਬਿਰਦ ਦੀ ਲਾਜ ਰੱਖਿਦਿਆਂ ਹੋਇਆਂ ਮਿਲਾਪ ਕਰਵਾ ਦੇਣ, ਤਦ ਜੀਵ ਦਾ ਕਾਰਜ ਸਰਦਾ ਹੈ।

**ਸਦਾ ਉਰ ਧਾਰੇ ਨੇਹੁ ਨਾਲਿ ਪਿਆਰੇ**
**ਸਤਿਗੁਰ ਤੇ ਪਿਰੁ ਦਿਸੈ ॥**

ਅਗਰ ਉਹਨਾਂ ਸੰਤਾਂ ਨਾਲ ਸਦਾ ਹੀ ਨੇਹੁੰ ਅਤੇ ਪਿਆਰ ਰੱਖੀਏ ਤਦ ਉਹ ਸਦਾ ਹੀ ਮਿਲਾਪ ਕਰਵਾਉਂਦ ਰਹਿੰਦੇ ਹਨ। ਐਸਾ ਨਹੀਂ ਹੈ ਕਿ ਇੱਕ ਵਾਰ ਮਿਲਾਪ ਕਰਵਾ ਦਿੱਤਾ ਅਤੇ ਫੇਰ ਨਾ ਕਰਵਾਇਆ ਜੋ ਨੇਹੁੰ ਅਰਥਾਤ ਭਾਵ, ਪਿਆਰ ਅਤੇ ਭਰੋਸਾ ਰੱਖਦੇ ਹਨ ਮਾਲਿਕ ਉਹਨਾਂ ਨੂੰ ਸਦਾ ਲਈ ਮਿਲਾਪ ਬਖਸ਼ ਦਿੰਦੇ ਹਨ।

**ਮਾਇਆ ਮੋਹ ਕਾ ਕਚਾ ਚੋਲਾ ਤਿਤੁ ਪੈਧੈ ਪਗੁ ਖਿਸੈ ॥**

ਮਾਇਆ ਅਤੇ ਮੋਹ ਦਾ ਚੋਲਾ ਕੱਚਾ ਹੈ। ਅਸੀਂ ਜਿਉਂ-ਜਿਉਂ ਇਹਨਾਂ ਵੱਲ ਪੈਰ ਪੁੱਟਦੇ ਹਾਂ ਸਾਡੇ ਪੈਰ ਥਿੜਕਦੇ ਹਨ। ਪਰ ਜੇਕਰ ਅਸੀਂ ਮਾਲਿਕ ਵੱਲ ਤੁਰਦੇ ਹਾਂ ਫੇਰ ਮਾਲਿਕ

ਹੌਂਸਲਾ ਬਖਸ਼ਦੇ ਹਨ, ਪਿਆਰ ਬਖਸ਼ਦੇ ਹਨ ਅਤੇ ਜੀਵ ਡੋਲਣ ਤੋਂ ਬਚ ਜਾਂਦਾ ਹੈ। ਤਦੇ ਸੰਤਾਂ ਨੇ ਬੇਨਤੀਆਂ ਕੀਤੀਆਂ ਹਨ ਕਿ

*ਡੋਲਣ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥੧॥*

*(ਅੰਗ 256)*

ਫੇਰ ਹਜ਼ੂਰ ਜੀਵ ਨੂੰ ਡਾਵਾਂਡੋਲੀ ਤੋਂ ਬਚਾ ਲੈਂਦੇ ਹਨ।

**ਪਿਰੁ ਰੰਗਿ ਰਾਤਾ ਸੋ ਸਚਾ ਚੋਲਾ**
**ਤਿਤੁ ਪੈਧੈ ਤਿਖਾ ਨਿਵਾਰੇ ॥**

ਹਜ਼ੂਰ ਫੁਰਮਾਉਂਦੇ ਹਨ ਕਿ ਜੋ ਪ੍ਰੇਮ ਵਿੱਚ, ਮਾਲਿਕ ਦੇ ਰੰਗ ਵਿੱਚ ਰੰਗਿਆ ਹੁੰਦਾ ਹੈ ਉਹੋ ਚੋਲਾ ਸੱਚਾ ਹੁੰਦਾ ਹੈ। ਸ਼ਹੀਦਾਂ ਨੇ, ਦੇਸ਼ ਭਗਤਾਂ ਨੇ ਅਜਾਦੀ ਲੈਣ ਲਈ ਵੀ ਗੀਤ ਗਾਏ ਕਿ

*ਮੇਰਾ ਰੰਗ ਦੇ ਬਸੰਤੀ ਚੋਲਾ।*
*ਮਾਂ ਮੇਰਾ ਰੰਗ ਦੇ ਬਸੰਤੀ ਚੋਲਾ।*

ਜਦੋਂ ਕਿਸੇ ਨੂੰ ਅਜਾਦੀ ਦੀ ਤੜਪ ਜਾਗਦੀ ਹੈ ਤਦ ਉਹ ਐਸੇ ਤਰਾਨੇ ਗਾਉਂਦਾ ਹੈ।

ਅੱਜ ਹੀ ਗੱਲ ਹੋ ਰਹੀ ਸੀ ਕਿ ਚਾਹੇ ਫੌਜ ਵਿੱਚ ਕਰੱਪਸ਼ਨ ਆ ਗਈ ਹੈ। ਪਰ ਫੇਰ ਵੀ ਫੌਜੀ ਦੂਸਰੇ ਲੋਕਾਂ ਨਾਲੋਂ ਘੱਟ ਕਰੱਪਟ ਹਨ ਕਿਉਂਕਿ ਜਦੋਂ ਉਹਨਾਂ ਨੂੰ ਟ੍ਰੇਨਿੰਗ ਮਿਲਦੀ ਹੈ, ਉਹਨਾਂ ਵਿੱਚ ਕੁੱਟ-ਕੁੱਟ ਕੇ ਦੇਸ਼ ਭਗਤੀ ਦਾ ਜਜ਼ਬਾ ਅਤੇ ਮਰ ਮਿਟਣ ਦੀ ਭਾਵਨਾ ਭਰ ਦਿੱਤੇ ਜਾਂਦੇ ਹਨ। ਜੇਕਰ ਉਹਨਾਂ ਫੌਜੀਆਂ ਵਿੱਚ ਪਿਆਰ ਅਤੇ ਦੇਸ਼ ਭਗਤੀ ਨਾ ਹੋਵੇ ਤਾਂ ਇਸ ਵਕਤ ਵੀ ਜੋਜ਼ੀਲਾ ਪਾਸ ਦੇ ਉੱਤੇ ਐਨੀ ਆਕਸੀਜਨ ਘੱਟ ਹੁੰਦੀ ਹੈ ਕਿ ਹਫ਼ਤੇ ਬਾਦ ਫੌਜੀਆਂ ਨੂੰ ਥੱਲੇ ਲਿਆ ਕੇ ਦੂਜੀ ਸ਼ਿਫ਼ਟ ਉੱਪਰ ਭੇਜੀ ਜਾਂਦੀ ਹੈ। ਅਸੀਂ ਵੀ ਸ੍ਰੀ ਨਗਰ ਰਹੇ ਹਾਂ। ਉਹਨਾਂ ਫੌਜੀਆਂ ਦੇ ਮਨ ਵਿੱਚ ਕਦੇ ਨਹੀਂ ਆਉਂਦਾ ਕਿ ਅਸੀਂ ਮਰ ਜਾਵਾਂਗੇ ਜਾਂ ਨਾ ਰਹਾਂਗੇ। ਉਦੋਂ ਮਨ ਵਿੱਚ ਇੱਕੋ ਗੱਲ ਹੁੰਦੀ ਹੈ ਕਿ ਆਪਾਂ ਦੇਸ਼ ਵਾਸਤੇ ਜਾਨ ਦੇਣੀ ਹੈ। ਇਸ ਤਰ੍ਹਾਂ ਜਦੋਂ ਜੀਵ ਨਾਮ ਦੇ ਪਿਆਰ ਵਿੱਚ ਬੱਝ ਜਾਂਦਾ ਹੈ ਹਜ਼ੂਰ ਉਸ ਦੀ ਡਾਵਾਂਡੋਲੀ ਖਤਮ ਕਰਕੇ ਉਸ ਨੂੰ ਪੂਰੇ ਰੰਗ ਵਿੱਚ ਰੰਗ ਦਿੰਦੇ ਹਨ।

**ਪ੍ਰਭੁ ਮੇਰਾ ਸਾਹਿਬ ਸਭ ਦੂ ਊਚਾ ਹੈ**
**ਕਿਉ ਮਿਲਾ ਪ੍ਰੀਤਮ ਪਿਆਰੇ ॥੨॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਐ ਦੁਨੀਆਂ ਵਾਲਿਓ! ਉਹ ਮੇਰਾ ਸਾਹਿਬ ਸਭ ਤੋਂ ਉੱਚਾ ਅਤੇ ਸੁੱਚਾ ਹੈ। ਉਂਝ ਅਸੀਂ ਉਹਨਾਂ ਨੂੰ ਮਿਲ ਨਹੀਂ ਸਕਦੇ ਪੂਰਨ ਸੰਤਾਂ ਦੀ ਬਖਸ਼ਿਸ਼ ਸਦਕਾ ਹੀ ਉਹਨਾਂ ਨੂੰ ਮਿਲਿਆ ਜਾ ਸਕਦਾ ਹੈ।

# ਸਤਿਸੰਗ

**ਆਸਾ ਮਹਲਾ ੫ ॥** **(ਅੰਗ 390)**

**ਜਉ ਮੈ ਅਪੁਨਾ ਸਤਿਗੁਰੁ ਧਿਆਇਆ ॥**
**ਤਬ ਮੇਰੈ ਮਨਿ ਮਹਾ ਸੁਖੁ ਪਾਇਆ ॥੧॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ ਭੇਦ ਬਖਸ਼ ਰਹੇ ਹਨ ਕਿ ਸੰਤਾਂ ਨੇ ਸਾਰੀ ਬਾਣੀ ਆਪਣੇ ਉੱਪਰ ਘਟਾ ਕੇ ਉਸ ਮਾਲਿਕ ਨੂੰ ਸੰਬੋਧਨ ਕੀਤਾ ਹੈ ਅਤੇ ਸਾਨੂੰ ਵੀ ਇਸੇ ਤਰ੍ਹਾਂ ਹੀ ਅਰਦਾਸਾਂ, ਜੋਦੜੀਆਂ, ਬੇਨਤੀਆਂ ਕਰਨੀਆਂ ਚਾਹੀਦੀਆਂ ਹਨ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਦੋਂ ਮੈਂ ਆਪਣੇ ਸਤਿਗੁਰ ਦੇ ਬਚਨਾਂ ਉੱਪਰ ਅਮਲ ਕੀਤਾ ਤਦ ਮੈਂ ਜੋ ਦਰਸ਼ਣਾਂ ਲਈ ਕਲਪਨਾ ਅਤੇ ਤੜਪ ਕਰਦਾ ਸੀ ਉਹ ਖਤਮ ਹੋ ਗਏ। ਦਰਸ਼ਨ ਕਰਨ ਨਾਲ ਉਹ ਮਿਲਾਪ ਦੀ ਤੜਪ ਸ਼ਾਂਤ ਹੋ ਗਈ ਅਤੇ ਸਿਮਰਨ ਕਰਨ ਅਤੇ ਧਿਆਉਣ ਨਾਲ ਮੈਨੂੰ ਅਨੰਦ ਅਤੇ ਸੁਖ ਦੀ ਪ੍ਰਾਪਤੀ ਹੋਈ।

**ਮਿਟਿ ਗਈ ਗਣਤ ਬਿਨਾਸਿਓ ਸੰਸਾ ॥**
**ਨਾਮਿ ਰਤੇ ਜਨ ਭਏ ਭਗਵੰਤਾ ॥੧॥ ਰਹਾਉ ॥**

ਜਦੋਂ ਜੀਵ ਨੂੰ ਰਾਤ ਨੂੰ ਜਾਗ ਆ ਜਾਂਦੀ ਹੈ ਜਾਂ ਉੱਠ ਕੇ ਬਾਥਰੂਮ ਜਾ ਕੇ ਫੇਰ ਵਾਪਸ ਮੰਜੇ ਉੱਪਰ ਪੈਂਦਾ ਹੈ ਤਦ ਉਹ ਗਿਣਤੀਆਂ ਮਿਣਤੀਆਂ ਸ਼ੁਰੂ ਕਰ ਦਿੰਦਾ ਹੈ। ਕਿਸਾਨ ਸੋਚਦਾ ਹੈ ਕਿ ਫਲਾਣੀ ਪੈਲੀ ਵਿੱਚੋਂ ਐਨੀਆਂ ਭਰੀਆਂ, ਫਲਾਣੀ ਵਿੱਚੋਂ ਐਨੀਆਂ ਭਰੀਆਂ ਨਿਕਲ ਆਉਣੀਆਂ ਹਨ ਜਾਂ ਆਹ ਕਰ ਲਵਾਂਗੇ ਔਹ ਕਰ ਲਵਾਂਗੇ, ਬੱਚੇ ਦਾ ਵਿਆਹ ਕਰ ਲਵਾਂਗੇ। ਇਸ ਤਰ੍ਹਾਂ ਕਾਰੋਬਾਰ ਕਰਨ ਵਾਲਾ ਵੀ ਗਿਣਤੀਆਂ ਮਿਣਤੀਆਂ ਸ਼ੁਰੂ ਕਰ ਲੈਂਦਾ ਹੈ। ਕਿੱਥੋਂ ਪੇਮੈਂਟ ਆਉਣੀ ਹੈ? ਕਿਸਦੀ ਪੇਮੈਂਟ ਕਰਨੀ ਹੈ? ਕਈ ਜੀਵਾਂ ਨੇ ਨਾ ਕਣਕ ਵੱਢਣੀ ਹੁੰਦੀ ਹੈ ਨਾ ਬੀਜਣੀ ਹੁੰਦੀ ਹੈ, ਨਾ ਕਾਰੋਬਾਰ ਹੁੰਦਾ ਹੈ, ਉਹ ਫੇਰ ਵੀ ਸੋਚੀ ਜਾਣਗੇ ਕਿ ਫਲਾਣਾ ਕੰਮ ਕਰ ਲਈਏ ਉਸ ਵਿੱਚੋਂ ਆਹ ਬਚਤ ਹੋ ਜਾਵੇਗੀ। ਜਾਂ ਇੱਥੇ ਚਲੇ ਜਾਈਏ, ਉੱਥੇ ਚਲੇ ਜਾਈਏ। ਹਜ਼ੂਰ ਪੰਜਵੇਂ ਪਾਤਿਸਾਹ ਜੀ ਫੁਰਮਾਨ ਕਰ ਰਹੇ ਹਨ ਕਿ ਜਦੋਂ ਅਸੀਂ ਗਿਣਤੀਆਂ ਮਿਣਤੀਆਂ ਛੱਡ ਕੇ ਸਿਮਰਨ ਸ਼ੁਰੂ ਕਰ ਦਿੱਤਾ ਤਾਂ ਸਾਡੇ ਸੰਸੇ ਜਾਂਦੇ ਰਹੇ।

ਜਿਸ ਤਰ੍ਹਾਂ ਸ਼ੇਖ ਚਿਲੀ ਸੋਚਣ ਲੱਗਾ ਕਿ ਗਰੀਬੀ ਕਿਵੇਂ ਦੂਰ ਕੀਤੀ ਜਾਵੇ। ਉਦੋਂ ਸਸਤਾ ਸਮਾਂ ਸੀ। ਇੱਕ ਪੈਸੇ ਦੇ ਦੋ ਆਂਡੇ ਮਿਲ ਜਾਂਦੇ ਸੀ। ਉਹ ਸੋਚਣ ਲੱਗਾ ਕਿ ਮੈਂ ਦੋ ਆਂਡੇ ਲੈ ਕੇ ਗੁਆਂਢੀਆਂ ਦੀ ਮੁਰਗੀ ਥੱਲੇ ਪਾ ਦਿੰਦਾ ਹਾਂ। ਉਸ ਨੇ

ਆਂਡੇ ਖਰੀਦ ਲਏ। ਸੋਚਿਆ ਇਹਨਾਂ ਨੇ ਬੱਚੇ ਕੱਢਾਉਣੇ ਹਨ ਮੈਂ ਵੀ ਬੱਚੇ ਕਢਵਾ ਲਵਾਂਗਾ। ਫੇਰ ਇਹਨਾਂ ਦੋਹਾਂ ਆਂਡਿਆਂ ਵਿੱਚੋਂ ਮੁਰਗੀਆਂ ਨਿਕਲ ਆਉਣਗੀਆਂ। ਗੁਆਂਢੀਆਂ ਦੀਆਂ ਮੁਰਗੀਆਂ ਦੇ ਨਾਲ ਚੁੱਗ ਕੇ ਮੇਰੀਆਂ ਮੁਰਗੀਆਂ ਵੀ ਆਂਡੇ ਦੇਣ ਲੱਗ ਪੈਣਗੀ। ਅਗਰ ਮੁਰਗੀਆਂ ਵੀਹ-ਪੱਚੀ ਆਂਡੇ ਦੇਣਗੀਆਂ ਤਾਂ ਮੇਰੇ ਕੋਲ ਮਹੀਨੇ ਵਿੱਚ ਸੱਠ ਆਂਡੇ ਹੋ ਜਾਣਗੇ। ਉਹਨਾਂ ਸੱਠ ਆਂਡਿਆ ਨੂੰ ਮੈਂ ਆਪਣੀਆਂ ਮੁਰਗੀਆਂ ਥੱਲੇ ਪਾ ਦਿਆਂਗਾ। ਉਹਨਾਂ ਵਿੱਚੋਂ ਐਨੀਆਂ ਮੁਰਗੀਆਂ ਅਤੇ ਐਨੇ ਮੁਰਗੇ ਨਿਕਲ ਆਉਣਗੇ। ਫੇਰ ਹੋਰ, ਫੇਰ ਹੋਰ ਆਂਡੇ ਬਣ ਜਾਣਗੇ। ਉਸਨੇ ਉਹ ਦੋ ਆਂਡੇ ਹੱਥਾਂ ਵਿੱਚ ਫੜੇ ਹੋਏ ਸਨ। ਜਿਸ ਜੀਵ ਨਾਲ ਉਹ ਗੱਲ ਕਰ ਰਿਹਾ ਸੀ ਉਸ ਨੇ ਕਿਹਾ ਅਗਰ ਤੇਰੇ ਕੋਲ ਐਨੇ ਆਂਡੇ ਹੋ ਜਾਣਗੇ ਫੇਰ ਐਨੇ ਆਂਡਿਆਂ ਨੂੰ ਇੱਥੇ ਤਾਂ ਕਿਸੇ ਨੇ ਖਰੀਦਣਾ ਨਹੀਂ ਹੈ। ਫੇਰ ਤੂੰ ਉਹਨਾਂ ਆਂਡਿਆਂ ਦਾ ਕੀ ਕਰੇਂਗਾ? ਸ਼ੇਖ ਚਿਲੀ ਕਹਿਣ ਲੱਗਾ ਫੇਰ ਆਪਣਾ ਕਾਰੋਬਾਰ ਚੱਲ ਪਵੇਗਾ। ਆਪਣੇ ਆਂਡਿਆਂ ਦੇ ਟਰੱਕ ਭਰ ਕੇ ਦਿੱਲੀ ਨੂੰ ਲਿਜਾਇਆ ਕਰਾਂਗਾ, ਫੇਰ ਮੈਂ ਹੋਰ ਅਮੀਰ ਬਣ ਜਾਵਾਂਗਾ। ਉਹ ਜੀਵ ਪੁੱਛਣ ਲੱਗਾ ਅਗਰ ਟਰੱਕ ਦੇ ਅੱਗੇ ਕੋਈ ਮੱਝ ਗਾਂ ਆ ਗਈ ਫੇਰ ਤੂੰ ਕੀ ਕਰੇਂਗਾ। ਸ਼ੇਖ ਚਿਲੀ ਕਹਿਣ ਲੱਗਾ ਫੇਰ ਮੈਂ ਬਰੇਕ ਲਾਊਂ। ਜਦੋਂ ਉਸ ਨੇ ਬਰੇਕ ਲਾਉਣ ਲਈ ਲੱਤ ਅੱਗੇ ਕੀਤੀ ਹੱਥ ਵਾਲੇ ਦੋਵੇਂ ਆਂਡੇ ਹੇਠਾਂ ਡਿੱਗ ਕੇ ਟੁੱਟ ਗਏ ਅਤੇ ਉਸ ਦਾ ਸਾਰਾ ਕਾਰੋਬਾਰ ਖਤਮ ਹੋ ਗਿਆ। ਇਸ ਤਰ੍ਹਾਂ ਅਸੀਂ ਵੀ ਰਾਤ ਨੂੰ ਲੰਮੇ ਪਏ-ਪਏ ਤਰ੍ਹਾਂ-ਤਰ੍ਹਾਂ ਦੀਆਂ ਸਕੀਮਾਂ ਸੋਚਦੇ ਰਹਿੰਦੇ ਹਾਂ। ਅਗਰ ਅਸੀਂ ਰਾਤਾਂ ਨੂੰ ਸੋਚਣ ਦੀ ਜਗ੍ਹਾ ਭਗਤੀ ਸਿਮਰਨ ਕਰੀਏ, ਗੁਰਬਾਣੀ ਵੱਲ ਤੁਰੀਏ ਫੇਰ ਸਾਡੀਆਂ ਗਿਣਤੀਆਂ ਮਿਣਤੀਆਂ ਖਤਮ ਹੋ ਕੇ ਸਿਮਰਨ ਲੇਖੇ ਲੱਗੇਗਾ ਅਤੇ ਸੰਸੇ ਦੂਰ ਹੋ ਜਾਣਗੇ। ਹਜ਼ੂਰ ਹੀ ਕਿਰਪਾ ਅਤੇ ਦਇਆ ਕਰਕੇ ਸਾਨੂੰ ਇਹਨਾਂ ਗਿਣਤੀਆਂ-ਮਿਣਤੀਆਂ ਤੋਂ ਬਚਾਉਣ। ਦੂਸਰਾ ਅਸੀਂ ਦੇਖਿਆ ਹੈ ਕਿ ਜਿਹੜੇ ਪ੍ਰਾਣੀਆਂ ਨੂੰ ਰਾਤੀਂ ਗੋਲੀਆਂ ਖਾ ਕੇ ਵੀ ਨੀਂਦ ਨਹੀਂ ਆਉਂਦੀ ਉਹ ਅਗਰ ਸਿਮਰਨ ਕਰਨ ਲੱਗ ਪੈਣ ਤਦ ਨੀਂਦ ਵੀ ਆ ਜਾਂਦੀ ਹੈ। ਇਸ ਤਰ੍ਹਾਂ ਹਜ਼ੂਰ ਦਾ ਸਿਮਰਨ ਕੀਤਾ ਥਾਂਇ ਪੈਂਦਾ ਹੈ ਅਤੇ ਸੁਖ ਦੀ ਪ੍ਰਾਪਤੀ ਹੁੰਦੀ ਹੈ।

**ਜਉ ਮੈ ਅਪੁਨਾ ਸਾਹਿਬੁ ਚੀਤਿ ॥**
**ਤਉ ਭਉ ਮਿਟਿਓ ਮੇਰੇ ਮੀਤ ॥੨॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜਦੋਂ ਵੀ ਮੈਂ ਆਪਣੇ ਸਤਿਗੁਰ ਨੂੰ ਚਿੱਤ ਵਿੱਚ ਵਸਾਇਆ ਤਾਂ ਮੇਰੇ ਜੀਵਨ ਦੇ ਸਾਰੇ ਡਰ ਅਤੇ ਭੈ ਜਾਂਦੇ ਰਹੇ ਅਤੇ ਮੇਰੇ ਚਿੱਤ ਵਿੱਚ ਸੁੱਖ ਅਤੇ ਸ਼ਾਂਤੀ ਦਾ ਵਾਸਾ ਹੋ ਗਿਆ।

**ਜਉ ਮੈ ਓਟ ਗਹੀ ਪ੍ਰਭ ਤੇਰੀ ॥**
**ਤਾਂ ਪੂਰਨ ਹੋਈ ਮਨਸਾ ਮੇਰੀ ॥੩॥**

ਜਦੋਂ ਅਸੀਂ ਦੁਨਿਆਵੀ ਓਟ ਛੱਡ ਕੇ ਮਾਲਿਕ ਦੀ ਓਟ ਰੱਖਦੇ ਹਾਂ ਤਦ ਮਾਲਿਕ ਸਾਡੀਆਂ ਸਾਰੀਆਂ ਮਨਸਾ ਪੂਰੀਆਂ ਕਰਦੇ ਹਨ।

**ਦੇਖਿ ਚਲਿਤ ਮਨਿ ਭਏ ਦਿਲਾਸਾ ॥**
**ਨਾਨਕ ਦਾਸ ਤੇਰਾ ਭਰਵਾਸਾ ॥੪॥੨੯॥੮੦॥**

ਫੇਰ ਜਦੋਂ ਜੀਵ ਦਾ ਸਾਰਾ ਕੰਮ ਠੀਕ-ਠਾਕ ਚੱਲਦਾ ਹੈ ਤਦ ਉਹ ਆਪਣੇ ਆਪ ਨੂੰ ਮਾਲਿਕ ਦਾ ਦਾਸ ਸਮਝਦਾ ਹੈ ਅਤੇ ਉਸ ਨੂੰ ਭਰਵਾਸਾ ਆ ਜਾਂਦਾ ਹੈ ਕਿ ਹਜ਼ੂਰ ਮੇਰੇ ਸਾਰੇ ਕਾਰਜ ਠੀਕ ਕਰ ਰਹੇ ਹਨ। ਐਸਾ ਹੋਣ 'ਤੇ ਜੀਵ ਦਾ ਹੋਰ ਭਾਵ ਅਤੇ ਭਰੋਸਾ ਵਧਦਾ ਹੈ ਕਿ ਮਾਲਿਕ ਮੇਰੀ ਅਰਦਾਸ ਸੁਣ ਰਹੇ ਹਨ।

# ਸਤਿਸੰਗ

**॥ ਬਿਲਾਵਲੁ ਮਹਲਾ ੪ ॥ (ਅੰਗ 800)**

**ਖਤ੍ਰੀ ਬ੍ਰਾਹਮਣੁ ਸੂਦ ਵੈਸੁ ਕੋ ਜਾਪੈ ਹਰਿ ਮੰਤ੍ਰੁ ਜਪੈਨੀ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਸਾਡੇ ਹਿੱਤ ਵਾਸਤੇ ਭੇਦ ਅਤੇ ਸਿੱਖਿਆ ਬਖਸ਼ ਰਹੇ ਹਨ ਕਿ ਭਗਤੀ, ਸਿਮਰਨ, ਜਾਪ, ਪਾਠ ਕਰਨਾ ਕਿਸੇ ਇੱਕ ਕੌਮ ਵਾਸਤੇ ਹੀ ਨਹੀਂ ਹੈ। ਪਹਿਲਾਂ ਸਾਰੇ ਪਰਿਵਾਰ ਇੱਕੋ ਹੀ ਹੁੰਦੇ ਸਨ। ਮੰਨੂ ਨੇ ਸਾਰੇ ਜੀਵਾਂ ਨੂੰ ਕਿੱਤਿਆ ਦੇ ਅਧਾਰ ਤੇ ਵਰਨਾ ਵਿੱਚ ਵੰਡ ਦਿੱਤਾ। ਜਿਹੜੇ ਨਲਾਇਕ ਸਨ ਜਾਂ ਪੜੇ ਲਿਖੇ ਨਹੀਂ ਸਨ ਉਹਨਾਂ ਨੂੰ ਛੋਟੇ ਮੋਟੇ ਕੰਮ ਦੇ ਦਿੱਤੇ। ਜਿਹੜੇ ਖੇਤੀ ਦਾ ਕੰਮ ਕਰਦੇ ਸਨ ਉਹਨਾਂ ਨੂੰ ਵੈਸ਼ ਦਾ ਨਾਮ ਦੇ ਦਿੱਤਾ। ਜਿਹੜੇ ਸਫ਼ਾਈ ਦਾ ਜਾਂ ਮਲ ਮੂਤਰ ਉਠਾਉਣ ਦਾ ਕੰਮ ਕਰਦੇ ਸਨ ਉਹਨਾਂ ਨੂੰ ਸ਼ੂਦਰ ਦਾ ਨਾਮ ਦੇ ਦਿੱਤਾ। ਪੰਡਿਤ ਆਪਣੇ ਆਪ ਨੂੰ ਉੱਚੀ ਕੁੱਲ ਵਿੱਚ ਸਮਝਣ ਲੱਗ ਪਏ। ਖੱਤਰੀ ਵੀ ਆਪਣੇ ਆਪ ਨੂੰ ਜੋਧੇ ਅਤੇ ਬਲਵਾਨ ਸਮਝਦੇ ਸਨ। ਪਰ ਹਜ਼ੂਰ ਫੁਰਮਾਉਂਦੇ ਹਨ ਕਿ ਭਗਤੀ ਮਾਰਗ ਵਿੱਚ ਕੋਈ ਖੱਤਰੀ, ਵੈਸ਼ ਜਾਂ ਸ਼ੂਦਰ ਨਹੀਂ ਹੈ। ਜੋ ਵੀ ਗੁਰਮੰਤਰ ਦਾ ਸਿਮਰਨ ਅਤੇ ਜਾਪ ਕਰਦੇ ਹਨ ਉਹ ਸਾਰੇ ਬਖਸ਼ੇ ਜਾਂਦੇ ਹਨ। ਕਿਉਂਕਿ ਉੱਥੇ

ਅਮਲਾਂ 'ਤੇ ਹੋਣੇ ਨੇ ਨਿਬੇੜੇ ਜਾਤ ਕਿਸੇ ਪੁੱਛਣੀ ਨਹੀਂ।

**ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ**
**ਨਿਤੁ ਸੇਵਹੁ ਦਿਨਸੁ ਸਭ ਰੈਨੀ ॥੧॥**

ਆਪਣੇ ਸਤਿਗੁਰ ਨੂੰ ਪਾਰਬ੍ਰਹਮ ਦੀ ਬਖਸ਼ਿਸ਼ ਦੇ ਬਰਾਬਰ ਸਮਝੋ ਕਿਉਂਕਿ

*ਗੁਰ ਜੈਸਾ ਨਾਹੀ ਕੋ ਦੇਵ॥*
*ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ॥੧॥ ਰਹਾਉ॥*
*(ਅੰਗ 1142)*

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸਤਿਗੁਰ ਪਾਰਬ੍ਰਹਮ ਦੇ ਸਮਾਨ ਹੁੰਦੇ ਹਨ। ਹਰ ਰੋਜ, ਦਿਨ ਰਾਤ ਉਹਨਾਂ ਦੇ ਦੱਸੇ ਹੋਏ ਬਚਨਾਂ ਦੀ ਅਰਾਧਨਾ ਅਤੇ ਸੇਵਨਾ ਕਰੋ, ਸਿਮਰਨ ਕਰੋ।

**ਹਰਿ ਜਨ ਦੇਖਹੁ ਸਤਿਗੁਰੁ ਨੈਨੀ॥**

ਇੱਕ ਅੰਦਰ ਪੇਖਣਾ ਹੈ ਪਰ ਬਾਹਰਮੁਖ ਦੇਖਣ ਨਾਲ ਵੀ ਬਹੁਤ ਬਖਸ਼ਿਸ਼ ਹੁੰਦੀ ਹੈ। ਕਿਉਂਕਿ

*ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥*
*ਤੁਧੁ ਡਿਠੇ ਸਚੇ ਪਾਤਿਸਾਹ*
*ਮਲੁ ਜਨਮ ਜਨਮ ਦੀ ਕਟੀਐ॥ (ਅੰਗ 967)*

*ਤਥਾ*

*ਦਰਸਨੁ ਦੇਖ ਜੀਵਾ ਗੁਰ ਤੇਰਾ॥*
*ਪੂਰਨ ਕਰਮੁ ਹੋਇ ਪ੍ਰਭ ਮੇਰਾ॥੧॥ (ਅੰਗ 742)*

ਦੇਖਣ ਨਾਲ ਵੀ ਜੀਵ ਦੇ ਕਰਮ ਠੀਕ ਹੁੰਦੇ ਹਨ।

**ਜੋ ਇਛਹੁ ਸੋਈ ਫਲੁ ਪਾਵਹੁ**
**ਹਰਿ ਬੋਲਹੁ ਗੁਰਮਤਿ ਬੈਨੀ॥੧॥ ਰਹਾਉ॥**

ਪਰ ਸਾਧੂਆਂ ਦੇ ਮਿਲਾਪ ਤੋਂ ਬਾਦ ਗੁੱਸਾ ਅਤੇ ਕੁੜੱਤਣ ਛੱਡ ਕੇ ਮਿੱਠੇ ਬੋਲ ਬੋਲੋ।

*ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥*
*ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥੧੨੬॥*
*(ਅੰਗ 1384)*

ਅਗਰ ਸਾਧੂ ਦੀ ਸੰਗਤ ਵਿੱਚ ਜਾ ਕੇ ਵੀ ਤੁਹਾਡੇ ਵਿੱਚੋਂ ਗੁੱਸਾ ਅਤੇ ਹੰਕਾਰ ਨਹੀਂ ਮਰਦਾ ਤਦ ਗੱਲ ਨਹੀਂ ਬਣਨੀ। ਸਾਧੂ ਦੇ ਦਰਸ਼ਨ ਕਰਨੇ ਚਾਹੀਦੇ ਹਨ ਅਤੇ ਆਪਣੇ ਅੰਦਰ ਨਿਮਰਤਾ ਲਿਆਉਣੀ ਚਾਹੀਦੀ ਹੈ।

**ਅਨਿਕ ਉਪਾਵ ਚਿਤਵੀਅਹਿ ਬਹੁਤੇਰੇ**
**ਸਾ ਹੋਵੈ ਜਿ ਬਾਤ ਹੋਵੈਨੀ॥**

ਰਾਤ ਜਾਗ ਕੇ ਚਾਹੇ ਕਿੰਨੀਆਂ ਵੀ ਗਿਣਤੀਆਂ ਮਿਣਤੀਆਂ ਕਰ ਲਉ ਪਰ ਹੋਣਾ ਉਹੋ ਹੀ ਹੈ ਜੋ ਮਾਲਿਕ ਨੇ ਕਰਨਾ ਹੈ।

*ਹੋਗਾ ਵਹੀ ਜੋ ਰਾਮ ਰਚ ਰਾਖਾ।*
*ਕੋ ਬਿਧੀ ਕੋਪ ਬਧਾਵੇ ਸਾਖਾ।*

ਫੇਰ ਜਿਸ ਮਾਲਿਕ ਨੇ ਕੰਮ ਕਰਨਾ ਹੈ ਉਸ ਨੂੰ ਯਾਦ ਕਰੋ। ਤਦੇ ਮੁਸਲਮਾਨ ਫਕੀਰਾਂ ਨੇ ਫੁਰਮਾਇਆ ਹੈ ਕਿ

ਫਿਕਰ ਨਾਲੋਂ ਕਰ ਜਿਕਰ ਉਹਨਾਂ ਦਾ
*ਉਹ ਤਿੱਖਾ ਤਲਵਾਰੋਂ ਹੂ।*
*ਜ਼ਾਕਿਰ ਵੁਹ ਜੋ ਜ਼ਿਕਰ ਕਮਾਵੇ*
*ਇੱਕ ਪਲ ਨਹੀਂ ਵਿਸਰੇ ਯਾਰੋਂ ਹੂ।*

ਜਿਸ ਤਰ੍ਹਾਂ ਤਲਵਾਰ ਕਿਸੇ ਚੀਜ ਨੂੰ ਕੱਟਦੀ ਹੈ ਇਸ ਤਰ੍ਹਾ ਸਿਮਰਨ ਕਰਮਾਂ ਦੀ ਮੈਲ ਨੂੰ ਕਟਦਾ ਹੈ।

**ਅਪਨਾ ਭਲਾ ਸਭੁ ਕੋਈ ਬਾਛੈ**
**ਸੋ ਕਰੈ ਜਿ ਮੇਰੈ ਚਿਤਿ ਨ ਚਿਤੈਨੀ॥੨॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜੀਵ ਆਪਣਾ ਹੀ ਭਲਾ ਚਾਹੁੰਦੇ ਹਨ। ਤਦੇ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨਾਲ ਦੀ ਮਿਸਾਲ ਦੁਨੀਆ ਵਿੱਚ ਹੋਰ ਕਿਤੇ ਵੀ ਨਹੀਂ ਮਿਲਦੀ ਕਿ

*ਨਾਨਕ ਨਾਮ ਚੜ੍ਹਦੀ ਕਲਾ।*
*ਤੇਰੇ ਭਾਣੇ ਸਰਬਤ ਦਾ ਭਲਾ।*

ਜੋ ਸਰਬੱਤ ਦਾ ਭਲਾ ਮੰਗਦੇ ਹਨ ਹਜ਼ੂਰ ਉਹਨਾਂ ਉੱਪਰ ਬਹੁਤ ਬਖਸ਼ਿਸ਼ ਕਰਦੇ ਹਨ।

**ਮਨ ਕੀ ਮਤਿ ਤਿਆਗਹੁ ਹਰਿ ਜਨ**
**ਏਹਾ ਬਾਤ ਕਠੈਨੀ॥**

ਐ ਹਰੀ ਜਨੋ! ਐ ਗੁਰੂ ਪਿਆਰਿਓ! ਐ ਗੁਰਸਿੱਖੋ! ਮਨ ਦੇ ਆਖੇ ਨਾ ਤੁਰੋ। ਕਿਉਂਕਿ

*ਮਨ ਕੇ ਹਾਰੇ ਹਾਰ ਗਏ ਬ੍ਰਹਮਾ ਵਿਸ਼ਨੂੰ ਮਹੇਸ਼।*
*ਮਨ ਕੇ ਮਤੇ ਨ ਚਾਲੀਏ ਮਨ ਕੇ ਫੰਧ ਅਨੇਕ।*
*ਜੋ ਮਨ ਪਰ ਸਵਾਰ ਹੈ ਸੋ ਵਿਰਲਾ ਕੋਈ ਏਕ।*

*ਤਥਾ*

*ਸਨਕਾਦਿਕ ਨਾਰਦ ਮੁਨਿ ਸੇਖਾ॥*
*ਤਿਨ ਭੀ ਤਨ ਮਹਿ ਮਨੁ ਨਹੀ ਪੇਖਾ॥੩॥ (ਅੰਗ 330)*

ਮਨ ਦੇ ਅੜਿੱਕੇ ਚੜ੍ਹ ਕੇ ਕੋਈ ਗੱਲ ਨਹੀਂ ਕਰਨੀ ਚਾਹੀਦੀ। ਆਪਣੇ ਮਾਲਿਕ ਕੋਲ ਫਰਿਆਦ ਕਰਕੇ ਬੇਨਤੀ ਕਰੋ। ਅਗਰ ਅੰਦਰੋਂ ਤੁਹਾਡੀ ਆਤਮਾ ਆਗਿਆ ਦਿੰਦੀ ਹੈ ਤਦ ਕੰਮ ਕਰੋ। ਮਨ ਤਾਂ ਇਹੋ ਹੀ ਕਹਿੰਦਾ ਹੈ ਕਿ ਕੋਈ ਗੱਲ ਨਹੀਂ ਜੋ ਹੋਵੇਗਾ ਦੇਖਿਆ ਜਾਵੇਗਾ। ਇਸ ਕਰਕੇ ਮਨ ਦੀ ਮੱਤ ਨੂੰ ਤਿਆਗਣ ਨਾਲ ਬਖਸ਼ਿਸ਼ ਹੁੰਦੀ ਹੈ।

**ਅਨਦਿਨੁ ਹਰਿ ਹਰਿ ਨਾਮੁ ਧਿਆਵਹੁ**
**ਗੁਰ ਸਤਿਗੁਰ ਕੀ ਮਤਿ ਲੈਨੀ॥੨।**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਗਰ ਤੁਸੀਂ ਸਤਿਗੁਰ ਦੀ ਮੱਤ ਲੈਣੀ ਚਾਹੁੰਦੇ ਹੋ, ਤਦ ਜਿੰਨਾ ਜਿਆਦਾ ਸਿਮਰਨ ਕਰੋਗੇ ਓਨਾ ਹੀ ਤੁਹਾਡਾ ਮਨ ਬੁਰਾਈਆਂ ਤੋਂ ਪਿੱਛੇ ਹਟੇਗਾ ਅਤੇ ਗੁਰੂ ਦੀ ਮੱਤ ਤੁਹਾਡੇ ਅੰਦਰ ਆਵੇਗੀ।

**ਮਤਿ ਸੁਮਤਿ ਤੇਰੈ ਵਸਿ ਸੁਆਮੀ**
**ਹਮ ਜੰਤ ਤੂ ਪੁਰਖੁ ਜੰਤੈਨੀ॥**

ਮਾਲਿਕ ਕੋਲ ਬੇਨਤੀ ਕਰੋ ਕਿ ਹਜ਼ੂਰ! ਚਾਹੇ ਸਾਡੀ ਮੱਤ ਅੱਛੀ ਹੈ ਜਾਂ ਮਾੜੀ ਹੈ ਇਹ ਤੁਸੀਂ ਹੀ ਠੀਕ ਕਰਨੀ ਹੈ। ਅਸੀਂ ਤੁਹਾਡੇ ਜੀਵ ਜੰਤ ਹਾਂ। ਤੁਸੀਂ ਮਾਤਾ-ਪਿਤਾ ਬਣ ਕੇ ਸਾਡੀ ਰੱਖਿਆ ਕਰੋ।

**ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ**
**ਜਿਉ ਭਾਵੈ ਤਿਵੈ ਬੁਲੈਨੀ ॥੪॥੫॥**

ਸੱਚੇ ਪਾਤਿਸ਼ਾਹੋ! ਮੇਰੇ ਉੱਪਰ ਬਖ਼ਸ਼ਿਸ਼ ਕਰੋ। ਮੈਂ ਐਸੀ ਬੋਲੀ ਬੋਲਾਂ ਜਿਸ ਤਰ੍ਹਾਂ ਦੀ ਤੁਸੀਂ ਮੇਰੇ ਤੋਂ ਬੁਲਵਾਉਣਾ ਚਾਹੁੰਦੇ ਹੋ। ਤਦੇ ਸੰਤਾਂ ਨੇ ਫੁਰਮਾਨ ਕੀਤਾ ਹੈ ਕਿ

*ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥੮॥*
*(ਅੰਗ 292)*

ਹਜ਼ੂਰ ਸਾਡੇ ਮੂੰਹ ਵਿੱਚੋਂ ਕੋਈ ਐਸੀ ਗੱਲ ਨਾ ਨਿਕਲੇ ਜਿਸ ਨਾਲ ਤੁਹਾਡੀ ਸੋਭਾ ਘਟੇ। ਕਿਉਂਕਿ ਗੱਲ ਤਾਂ ਕਹਿੰਦੀ ਹੈ ਕਿ ਤੂੰ ਮੈਨੂੰ ਮੂੰਹੋਂ ਕੱਢ ਮੈਂ ਤੈਨੂੰ ਪਿੰਡੋਂ ਕੱਢ ਦਿਆਂਗੀ।

*ਬੋਲੀ ਕਾਰਜ ਵਿਗਾੜਿਆ*

ਕਈ ਦਫ਼ਾ ਜੀਵ ਗੱਲਾਂ ਨਾਲ ਹੀ ਆਪਣਾ ਕੰਮ ਵਿਗਾੜ ਲੈਂਦਾ ਹੈ। ਉਸ ਨੇ ਕੁਝ ਕਰਨਾ ਨਹੀਂ ਹੁੰਦਾ। ਅਸੀਂ ਗੱਲਾਂ ਨਾਲ ਹੀ ਦੁਨੀਆਂ ਨਾਲ ਦੁਸ਼ਮਣੀ ਪਾ ਲੈਂਦੇ ਹਾਂ। ਪਰ ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਬੇਨਤੀ ਕਰੋ ਕਿ ਹਜ਼ੂਰ! ਸਾਨੂੰ ਐਸੀ ਮੱਤ ਦਿਉ ਕਿ ਅਸੀਂ ਅੱਛੀਆਂ ਜੁਬਾਨਾਂ ਬੋਲੀਏ, ਅੱਛੇ ਸੁਭਾਅ ਰੱਖੀਏ ਤਾਂ ਕਿ ਮਾਲਿਕ ਦੇ ਘਰ ਦੀ ਸੋਭਾ ਹੋਵੇ।

# ਸਤਿਸੰਗ

**॥ ਮਾਰੂ ਮਹਲਾ ੩ ॥ (ਅੰਗ 994)**

**ਪਿਛਲੇ ਗੁਨਹ ਬਖਸਾਇ ਜੀਉ ਅਬ ਤੂ ਮਾਰਗਿ ਪਾਇ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨਿਥਾਂਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਪੱਤਿਆਂ ਦੀ ਪੱਤ, ਨਿਧਿਰਿਆਂ ਦੀ ਧਿਰ, ਨਿਲੱਜਿਆਂ ਦੀ ਲੱਜ, ਨਿਆਸਰਿਆਂ ਦੇ ਆਸਰੇ ਸਾਡੇ ਹਿੱਤ ਵਾਸਤੇ ਭੇਦ ਬਖ਼ਸ਼ ਕੇ ਸਾਨੂੰ ਸਿੱਖਿਆ ਦੇ ਰਹੇ ਹਨ ਕਿ ਐ ਸਾਧ ਸੰਗਤ ਜੀ! ਜਦੋਂ ਵੀ ਗੁਰੂ ਘਰ ਜਾਉ, ਮਹਾਰਾਜ ਦੇ ਸਰੂਪ (ਗੁਰਬਾਣੀ) ਅੱਗੇ ਖੜੋ ਕੇ ਬੇਨਤੀ ਕਰੋ ਕਿ ਸੱਚੇ ਪਾਤਿਸ਼ਾਹੋ! ਮੇਰੇ ਉੱਪਰ ਕਿਰਪਾ ਕਰੋ। ਮੈਂ ਪਿੱਛੇ ਜੋ ਵੀ ਗੁਨਾਹ ਅਤੇ ਗਲਤੀਆਂ ਕੀਤੀਆਂ ਹਨ ਉਹ ਬਖ਼ਸ਼ ਦਿਉ ਅਤੇ ਅੱਗੋਂ ਲਈ ਮੈਨੂੰ ਸਿੱਧੇ ਰਸਤੇ ਚੱਲਣ ਲਈ ਸੋਧ ਅਤੇ ਸੋਝੀ ਬਖ਼ਸ਼ੋ। ਮੈਨੂੰ ਸੁਮੱਤ ਬਖ਼ਸ਼ੋ ਤਾਂ ਕਿ ਮੈਂ ਗੁਰੂ ਦੀ ਬਖ਼ਸ਼ਿਸ਼ ਪ੍ਰਾਪਤ ਕਰਕੇ ਆਪਣਾ ਜੀਵਨ ਸਫਲ ਕਰ ਸਕਾਂ। ਸਾਡੇ ਕੋਲੋਂ ਕਈ ਵਾਰ ਸਹਿਵਨ ਹੀ ਗਲਤੀ ਹੋ ਜਾਂਦੀ ਹੈ।

ਕੋਈ ਰਿਸ਼ੀ ਸੀ ਉਸ ਨੇ ਪਸ਼ੂ ਚਾਰਦਿਆਂ ਕਿਸੇ ਭੰਬੀਰੀ ਦੇ ਖੰਭ ਵਿੱਚ ਸੂਲ ਗੱਡ ਦਿੱਤੀ ਤਾਂ ਉਹ ਭੰਬੀਰੀ ਸੂਲ ਦੇ ਚੁਫੇਰੇ ਘੁੰਮਦੀ ਰਹੀ। ਘੁੰਮਦਿਆਂ-ਘੁੰਮਦਿਆਂ ਉਸ ਦੇ ਖੰਭ ਟੁੱਟ ਗਏ ਅਤੇ ਉਹ ਬੇਹਾਲ ਹੋ ਗਈ। ਉਸ ਭੰਬੀਰੀ ਨੇ ਫਰਿਆਦ ਕੀਤੀ ਮਾਲਿਕ! ਕਿ ਮੇਰਾ ਕੋਈ ਕਸੂਰ ਨਹੀਂ ਸੀ। ਇਸ ਪਾਲੀ ਵਾਗੀ ਨੇ ਮੈਨੂੰ ਐਨੇ ਤਸੀਹੇ ਦਿੱਤੇ ਹਨ। ਐਸਾ ਸਮਾਂ ਆਇਆ ਕਿ ਉਹ ਪਾਲੀ, ਵਾਗੀ ਅਗਲੇ ਜਨਮ ਵਿੱਚ ਇੱਕ ਸਾਧੂ ਅਤੇ ਰਿਸ਼ੀ ਮੁਨੀ ਬਣ ਗਿਆ। ਉਹ ਇਕਾਂਤ ਵਿੱਚ ਬੈਠਾ ਸਿਮਰਨ ਕਰਨ ਵਿੱਚ ਲੀਨ ਸੀ। ਚੋਰਾਂ ਨੇ ਆ ਕੇ ਸੁੱਖਣਾ ਸੁੱਖੀ ਕਿ ਬਾਬਾ ਜੀ ਅਸੀਂ ਚੋਰੀ ਕਰਨ ਵਿੱਚ ਸਫਲ ਹੋ ਗਏ ਤਾਂ ਅਸੀਂ ਸਭ ਤੋਂ ਵਧੀਆ ਦਾਤ ਤੁਹਾਨੂੰ ਚੜ੍ਹਾਵਾ ਚੜ੍ਹਾਈਏ। ਜਦੋਂ ਅਰਦਾਸ ਕਰਕੇ ਜਾ ਕੇ ਉਹਨਾਂ ਨੇ ਬਾਦਸ਼ਾਹ ਦੇ ਮਹੱਲਾਂ ਵਿੱਚ ਚੋਰੀ ਕਰ ਲਈ ਤਾਂ ਉਹਨਾਂ ਨੇ ਰਾਣੀ ਦਾ ਸਭ ਤੋਂ ਵੱਡਾ ਹਾਰ ਲਿਆ ਕੇ ਰਿਸੀ ਦੇ ਗਲ ਵਿੱਚ ਪਾ ਕੇ ਬਾਕੀ ਧਨ ਦੌਲਤ ਅਤੇ ਗਹਿਣੇ ਆਪ ਲੈ ਗਏ। ਜਦੋਂ ਬਾਦਸ਼ਾਹ ਦੀਆਂ ਫੌਜਾਂ ਚੋਰਾਂ ਨੂੰ ਲੱਭਦੀਆਂ ਹੋਈਆਂ ਆਈਆਂਤਾਂ ਉਹਨਾਂ ਨੇ ਦੇਖਿਆ ਕਿ ਜਿਹੜਾ ਰਿਸ਼ੀ ਤਪੱਸਿਆ ਕਰ ਰਿਹਾ ਹੈ ਰਾਣੀ ਦਾ ਸਭ ਤੋਂ ਕੀਮਤੀ ਹਾਰ ਤਾਂ ਇਸ ਦੇ ਗਲ ਵਿੱਚ ਪਿਆ ਹੈ। ਉਹਨਾਂ ਨੇ ਉਸ ਨੂੰ ਫੜ ਕੇ ਬਹੁਤ ਕੁਟਾਪਾ ਚਾੜ੍ਹਿਆ, ਲੱਤਾਂ, ਬਾਹਵਾਂ ਭੰਨ ਦਿੱਤੀਆਂ। ਉਹ ਅਰਦਾਸ ਕਰਕੇ ਕਹਿਣ ਲੱਗਾ ਕਿ ਸੱਚੇ ਪਾਤਿਸ਼ਾਹੋ! ਮੈਂ ਆਪਣੀ ਜਿੰਦਗੀ ਵਿੱਚ ਕੋਈ ਮਾੜਾ ਕੰਮ ਨਹੀਂ ਕੀਤਾ। ਕੋਈ ਗੁਨਾਹ ਨਹੀਂ ਕੀਤਾ ਫੇਰ ਮੈਨੂੰ ਐਨੀ ਕੁੱਟ ਕਿਉਂ ਪਈ ਹੈ? ਜਦ ਉਹ ਸਿਮਰਨ ਕਰਨ ਲਈ ਬੇਨਤੀ ਕਰਕੇ ਬੈਠਾ ਤਾਂ ਮਾਲਿਕ ਨੇ ਦਿਖਾਇਆ ਕਿ ਤੂੰ ਪਿਛਲੇ ਜਨਮ ਵਿੱਚ ਪਸ਼ੂ ਚਾਰਨ ਵਾਲਾ ਪਾਲੀ ਸੀ। ਉਦੋਂ ਤੂੰ ਭੰਬੀਰੀ ਦੇ ਖੰਭ ਵਿੱਚ ਸੂਲ ਫਸਾ ਕੇ ਤਮਾਸ਼ਾ ਦੇਖਿਆ ਸੀ। ਉਹ ਘੁੰਮਦੀ-ਘੁੰਮਦੀ ਜਖਮੀ ਹੋ ਕੇ ਬੇਹੋਸ਼ ਹੋ ਕੇ ਡਿੱਗ ਪਈ ਸੀ। ਉਸ ਸਹਿਵਨ ਗਲਤੀ ਦੀ ਸਜ਼ਾ ਹੁਣ ਤੈਨੂੰ ਭੁਗਤਣੀ ਪਈ ਹੈ। ਦੇਖੋ ਆਪਾਂ ਤੁਰੇ-ਤੁਰੇ ਜਾਂਦੇ ਸਹਿਵਨ ਹੀ ਕਿੰਨੀਆਂ ਗਲਤੀਆਂ ਕਰਦੇ ਹਾਂ। ਦੇਖੋ ਪਿਛਲੇ ਜਨਮ ਵਿੱਚ ਭੰਬੀਰੀ ਦੇ ਖੰਭ ਵਿੱਚ ਸੂਲ ਗੱਡਣ ਦੀ ਐਨੀ ਵੱਡੀ ਸਜ਼ਾ ਮਿਲੀ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਬੇਨਤੀ ਕਰੋ ਸੱਚੇ ਪਾਤਿਸ਼ਾਹੋ!

*ਅਸੀ ਖਤੇ ਬਹੁਤੁ ਕਮਾਵਦੇ*
*ਅੰਤੁ ਨ ਪਾਰਾਵਾਰੁ ॥*
*ਹਰਿ ਕਿਰਪਾ ਕਰਿ ਕੈ ਬਖਸਿ ਲੈਹੁ*
*ਹਉ ਪਾਪੀ ਵਡ ਗੁਨਹਗਾਰੁ ॥*
*ਹਰਿ ਜੀਉ ਲੇਖੈ ਵਾਰ ਨ ਆਵਈ*
*ਤੂੰ ਬਖਸਿ ਮਿਲਾਵਣਹਾਰੁ ॥ (ਅੰਗ 1416)*

ਚਾਹੇ ਮੈਂ ਕਹਾਂ ਕਿ ਮੈਂ ਕੋਈ ਗਲਤੀ ਨਹੀਂ ਕਰਦਾ ਪਰ ਸਹਿਵਨ ਮੇਰੇ ਕੋਲੋਂ ਭੁੱਲ ਜਾਂ ਗੁਨਾਹ ਹੋ ਗਿਆ ਹੋਵੇ, ਉਹ ਬਖਸ਼ ਕੇ ਮੈਨੂੰ ਅੱਗੋਂ ਲਈ ਸੁਮੱਤ ਅਤੇ ਸੋਝੀ ਬਖਸ਼ੋ ਕਿ ਮੈਂ ਸਿੱਧੇ ਰਸਤੇ ਚਲਾਂ।

**ਹਰਿ ਕੀ ਚਰਣੀ ਲਾਗਿ ਰਹਾ**
**ਵਿਚਹੁ ਆਪੁ ਗਵਾਇ ॥੧ ॥**

ਹਜ਼ੂਰ ਤੀਸਰੇ ਪਾਤਿਸ਼ਾਹ ਜੀ ਫੁਰਮਾਨ ਕਰ ਰਹੇ ਹਨ ਕਿ ਸੱਚੇ ਪਾਤਿਸ਼ਾਹੋ! ਮੇਰੇ ਵਿੱਚ ਮਾਣ, ਵਡਿਆਈ, ਈਰਖਾ ਨਾ ਰਹੇ। ਮੈਂ ਆਪਾ ਮਾਰ ਕੇ ਗੁਰੂ ਦੀ ਚਰਨੀ ਲੱਗਾ ਰਹਾਂ। ਕਈ ਵਾਰ ਜੀਵ ਸੋਚਦਾ ਹੈ ਕਿ ਮੈਂ ਬਹੁਤ ਪੜ੍ਹਿਆ ਲਿਖਿਆ ਹਾਂ, ਮੇਰੇ ਕੋਲ ਜਮੀਨ ਜਾਇਦਾਦ ਬਹੁਤ ਹੈ, ਕਾਰਖਾਨੇ ਹਨ, ਮਾਲ ਹੈ, ਗੱਡੀਆਂ ਹਨ ਪਰ ਬੇਨਤੀ ਕਰੋ ਕਿ ਮੇਰਾ ਆਪਾ ਵਿੱਚ ਨਾ ਆਵੇ ਤੇ ਗੁਰੂ ਦੀ ਚਰਨੀ ਲੱਗਾ ਰਹਾਂ। ਪਰ ਐਸੀਆਂ ਬੇਨਤੀਆਂ ਅਤੇ ਜੋਦੜੀਆਂ ਉਹੋ ਹੀ ਕਰਦਾ ਹੈ ਜਿਸ ਨੂੰ ਮਾਲਿਕ ਸੋਝੀ ਬਖਸ਼ ਕੇ ਕਿਰਪਾ ਕਰਦੇ ਹਨ। ਹਜ਼ੂਰ ਸਾਨੂੰ ਹੀ ਸਮਝਾ ਰਹੇ ਹਨ ਕਿ ਸਾਨੂੰ ਐਸੀਆਂ ਬੇਨਤੀਆਂ ਕਰਨੀਆਂ ਚਾਹੀਦੀਆਂ ਹਨ।

**ਮੇਰੇ ਮਨ ਗੁਰਮੁਖਿ ਨਾਮੁ ਹਰਿ ਧਿਆਇ ॥**

*ਕੂਟਨੁ ਸੋਇ ਜੁ ਮਨ ਕਉ ਕੂਟੈ ॥*
*ਮਨ ਕੂਟੈ ਤਉ ਜਮ ਤੇ ਛੂਟੈ ॥ (ਅੰਗ 872)*

ਮਨ ਨੂੰ ਸਮਝਾਉਣਾ ਚਾਹੀਦਾ ਹੈ, ਕਿਸੇ ਨੂੰ ਨਹੀਂ ਸਮਝਾਉਣਾ ਚਾਹੀਦਾ ਕਿਉਂਕਿ

*ਅਉਰੋਂ ਕੋ ਉਜਿਆਰ ਮਿਸਾਲਚੀ ਜਾਏਂ ਅੰਧੇਰੇ।*
*ਤਿਉਂ ਗਿਆਨੀ ਕੇ ਗਿਆਨ ਮੇਂ ਸਦਾ ਹੀ ਰਹਤੇ ਘੇਰੇ।*
*ਮੁੱਲਾ ਅਉਰ ਮਿਸਾਲਚੀ ਦੋਨੋ ਏਕ ਸਮਾਨ।*
*ਅਉਰੋਂ ਕੋ ਚਾਨਣ ਕਰੇਂ ਖੁਦ ਅੰਧੇਰੇ ਜਾਨ।*

ਅੱਜਕੱਲ ਬਿਜਲੀ ਦੀਆਂ ਲਾਈਟਾਂ ਦਾ ਸਿਸਟਮ ਆ ਗਿਆ ਹੈ। ਪਹਿਲਾਂ ਵਿਆਹ ਸ਼ਾਦੀਆਂ 'ਤੇ ਪੈਟਰੋਮੈਕਸ ਗੈਸ ਜਗਾ ਕੇ ਮਿਸਾਲਚੀ ਨੇ ਸਿਰ ਉੱਪਰ ਚੁਕਿਆ ਹੁੰਦਾ ਸੀ। ਉਹ ਦੂਸਰੇ ਲੋਕਾਂ ਜਾਂ ਬਰਾਤੀਆਂ ਨੂੰ ਲਾਈਟ ਦਿੰਦਾ ਸੀ ਪਰ ਖੁਦ ਹਨੇਰੇ ਵਿੱਚ ਠੇਡੇ ਖਾਂਦਾ ਰਹਿੰਦਾ ਸੀ। ਇਸ ਤਰ੍ਹਾਂ ਜੋ ਕਥਾ ਵਾਚਕ ਜਾਂ ਗਿਆਨੀ ਹਨ ਉਹ ਦੂਸਰਿਆਂ ਨੂੰ ਗਿਆਨ ਦਿੰਦੇ ਹਨ ਪਰ ਆਪ ਹਨੇਰੇ ਵਿੱਚ ਹੀ ਤੁਰੇ ਫਿਰਦੇ ਰਹਿੰਦੇ ਹਨ, ਭਟਕਦੇ ਰਹਿੰਦੇ ਹਨ। ਹਜ਼ੂਰ ਫੁਰਮਾਉਂਦੇ ਹਨ ਕਿ ਮੇਰੇ ਅੰਦਰ ਐਸੀ ਬੁੱਧ ਬਖਸ਼ੋ ਤਾਂ ਕਿ ਮੈਂ ਗੁਰੂ ਦੇ ਘਰ ਦੀ ਰੋਸ਼ਨੀ ਪ੍ਰਾਪਤ ਕਰਕੇ ਖੁਸ਼ੀਆਂ ਮਾਣਾਂ ਅਤੇ ਆਪਣਾ ਜੀਵਨ ਸੁਖੀ ਬਤੀਤ ਕਰਾਂ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਆਪਣੇ ਮਨਾਂ ਨੂੰ ਸਮਝਾਓ ਕਿ ਐ ਮਨ ਤੂੰ ਆਪਣਾ ਨਾਮ ਰੱਖ ਕੇ ਜਾਂ ਲਿਬਾਸ ਪਾ ਕੇ ਗੁਰਮੁਖ ਨਾ ਬਣ। ਤੂੰ ਹਰੀ ਦੇ ਨਾਮ ਨੂੰ ਧਿਆ ਕੇ ਗੁਰਮੁਖ ਬਣ। ਗੁਰਮੁੱਖ ਦੀ ਪਛਾਣ ਇਹ ਹੈ ਕਿ

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨ ॥*

*(ਅੰਗ 305)*

ਹਜ਼ੂਰ ਸਮਝਾ ਰਹੇ ਹਨ ਕਿ ਗੁਰਮੁੱਖ ਬਣੋ। ਸਵੇਰੇ ਉੱਠ ਕੇ ਇਸ਼ਨਾਨ ਕਰੋ। ਅਗਰ ਕੋਈ ਮੁਸ਼ਕਲ ਹੈ ਤਦ ਪੰਜ ਇਸ਼ਨਾਨਾ ਕਰਕੇ ਮਹਾਰਾਜ ਦੀ ਹਜ਼ੂਰੀ ਵਿੱਚ ਜਿੰਨਾਂ ਵੀ ਸਮਾਂ ਬੈਠਿਆਂ ਜਾ ਸਕਦਾ ਹੈ ਬੈਠ ਕੇ ਪਾਠ ਅਤੇ ਸਿਮਰਨ ਕਰੋ ਅਤੇ ਮਨ ਨੂੰ ਸਮਝਾਉ ਕਿ ਐ ਮਨਾ!

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥੧ ॥*

*(ਅੰਗ 156)*

ਅਸੀਂ ਪੈਸਿਆਂ ਪਿੱਛੇ ਰਾਤਾਂ ਨੂੰ ਜਾਗਦੇ ਹਾਂ ਪਰ ਮਾਲਿਕ ਦੇ ਪਿਆਰ ਪਿੱਛੇ, ਨਾਮ ਪਿੱਛੇ ਘੱਟ ਜਾਗਦੇ ਹਾਂ। ਇਸ ਕਰਕੇ ਮਨ ਨੂੰ ਸਮਝਾਓ ਕਿ ਐ ਮਨਾ! ਸਿਮਰਨ ਜਰੂਰ ਕਰਿਆ ਕਰ।

**ਸਦਾ ਹਰਿ ਚਰਣੀ ਲਾਗਿ ਰਹਾ**
**ਇਕ ਮਨਿ ਏਕੈ ਭਾਇ ॥੧ ॥ ਰਹਾਉ ॥**

ਸੱਚੇ ਪਾਤਿਸ਼ਾਹੋ! ਐਸਾ ਨਾ ਹੋਵੇ ਕਿ ਛੇ ਮਹੀਨੇ ਜਾਂ ਸਾਲ ਬਾਦ ਆ ਕੇ ਪਾਠ ਰਖਵਾ ਲਿਆ ਜਾਂ ਆ ਕੇ ਸਤਿਸੰਗ ਸੁਣ ਲਿਆ। ਮੈਂ ਹਮੇਸ਼ਾ ਹੀ ਗੁਰੂ ਦੇ ਚਰਨਾਂ ਵਿੱਚ ਲੱਗਾ ਰਹਾਂ।

*ਖਾਤੇ ਪੀਤੇ ਚਲਤੇ ਫਿਰਤੇ*
*ਸੋਵਤ ਜਾਗਤ ਬਿਸਰ ਨਹੀਂ ਜਾਤ।*

ਮੈ ਖਾਂਦਿਆਂ, ਪੀਂਦਿਆਂ, ਬਹਿੰਦਿਆਂ, ਉਠਦਿਆਂ, ਸੌਂਦਿਆਂ, ਜਾਗਦਿਆਂ ਹਮੇਸ਼ਾ ਹੀ ਮਾਲਿਕ ਨੂੰ ਧਿਆਨ ਵਿੱਚ ਰੱਖਾਂ।

**ਨਾ ਮੈਂ ਜਾਤਿ ਨ ਪਤਿ ਹੈ ਨਾ ਮੈ ਥੇਹੁ ਨ ਥਾਉ ॥**

ਹਜ਼ੂਰ! ਕੋਈ ਵਡਿਆਈ ਕਰਦਾ ਹੈ ਕਿ ਮੈਂ ਇਸ ਜਾਤ ਵਿੱਚੋਂ ਹਾਂ, ਇਸ ਕੁੱਲ ਵਿੱਚੋਂ ਹਾਂ, ਮੇਰੀ ਇੱਜਤ, ਮਾਣ, ਸਤਿਕਾਰ

ਹੈ। ਪਰ ਹਜ਼ੂਰ! ਮੈਂ ਤਾਂ ਕੁਝ ਵੀ ਨਹੀਂ ਹਾਂ।

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ॥ (ਅੰਗ 694)*

ਹਜ਼ੂਰ! ਸਾਡੇ ਵਰਗਾ ਦੁਨੀਆਂ ਵਿੱਚ ਦੀਨ ਕੋਈ ਨਹੀਂ ਹੈ ਅਤੇ ਤੁਹਾਡੇ ਵਰਗਾ ਦਿਆਲੂ ਕੋਈ ਨਹੀਂ ਹੈ। ਸਾਡੀ ਕੋਈ ਇੱਜਤ, ਕਾਰੋਬਾਰ ਜਾਂ ਉੱਚੀ ਕੁਲ ਨਹੀਂ ਹੈ। ਹੁਣ ਇਹ ਨਾ ਸੋਚਿਉ ਕਿ ਅਸੀਂ ਖੱਤਰੀ ਜਾਂ ਮਲਹੋਤਰੇ ਹੁੰਦੇ ਹਾਂ। ਸਾਡੀ ਜਾਤ ਛੋਟੀ ਨਹੀਂ ਹੈ। ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਦੀ ਕੁਲ ਕਿਹੜੀ ਛੋਟੀ ਸੀ? ਉਹ ਸੋਢੀ ਸੁਲਤਾਨ ਸਨ। ਉਹਨਾਂ ਨੇ ਵੀ ਇਹ ਫੁਰਨਾਨ ਕੀਤਾ ਕਿ

*ਨਾ ਮੈ ਕੁਲੁ ਨਾ ਸੋਭਾਵੰਤ॥*
*ਕਿਆ ਜਾਨਾ ਕਿਉ ਭਾਨੀ ਕੰਤ॥*
*ਮੋਹਿ ਅਨਾਥ ਗਰੀਬ ਨਿਮਾਨੀ॥*
*ਕੰਤ ਪਕਰਿ ਹਮ ਕੀਨੀ ਰਾਨੀ॥੩॥ (ਅੰਗ 394)*

ਮੈਂ ਇੱਕ ਭੰਗਣ ਸਮਾਨ ਸੀ। ਮੇਰੇ ਸਤਿਗੁਰ ਨੇ ਬਾਹੋਂ ਫੜ ਕੇ ਮੈਨੂੰ ਰਾਣੀ ਬੱਣਾ ਲਿਆ। ਸੋਈ

*ਅਮਲਾਂ 'ਤੇ ਹੋਣੇ ਨੇ ਨਿਬੇੜੇ ਜਾਤ ਕਿਸੇ ਪੁੱਛਣੀ ਨਹੀਂ।*

ਇਸ ਪ੍ਰਮਾਣ ਨੂੰ ਦੇਣ ਦਾ ਭਾਵ ਇਹ ਹੈ ਕਿ ਸੱਚੇ ਪਾਤਿਸ਼ਾਹੋ! ਜਾਤਾਂ ਅਤੇ ਕੁਲਾਂ ਨਾਲ ਗੱਲ ਨਹੀਂ ਬਣਦੀ। ਗੱਲ ਬਖਸ਼ਿਸ਼ ਨਾਲ ਬਣਦੀ ਹੈ। ਹਜ਼ੂਰ! ਮੇਰੀ ਜਾਤ, ਕੁਲ, ਬੁੱਧ ਉੱਚੀ ਨਹੀਂ ਹੈ। ਤੁਸੀਂ ਬਖਸ਼ਿਸ਼ ਕਰਕੇ ਆਪਣਾ ਸਿਮਰਨ ਅਤੇ ਜਾਪ ਕਰਵਾਉ ਤਾਂ ਕਿ ਮੈਂ ਬਖਸ਼ਿਆ ਜਾਵਾਂ।

**ਸਬਦਿ ਭੇਦਿ ਭ੍ਰਮ ਕਟਿਆ**
**ਗੁਰਿ ਨਾਮੁ ਦੀਆ ਸਮਝਾਇ॥੨॥**

ਜੋ-ਜੋ ਜੀਵ ਸਿਮਰਨ ਕਰਦੇ ਹਨ ਉਹਨਾਂ ਦੇ ਭਰਮ ਹਜ਼ੂਰ ਖਤਮ ਕਰ ਦਿੰਦੇ ਹਨ।

*ਸਹਸੈ ਜੀਉ ਮਲੀਣੁ ਹੈ*
*ਕਿਤੁ ਸੰਜਮਿ ਧੋਤਾ ਜਾਏ॥*
*ਮੰਨੁ ਧੋਵਹੁ ਸਬਦਿ ਲਾਗਹੁ +*
*ਹਰਿ ਸਿਉ ਰਹਹੁ ਚਿਤ ਲਾਇ॥ (ਅੰਗ 919)*

ਸਾਨੂੰ ਸੰਸਾ ਹੁੰਦਾ ਹੈ ਕਿ ਸਾਡਾ ਆਹ ਜਾਂ ਔਹ ਕੰਮ ਕਿਉਂ ਨਹੀਂ ਹੋਇਆ। ਅਸੀਂ ਸੰਸਿਆਂ ਵਿੱਚ ਫੱਸ ਕੇ ਭਗਤੀ ਤੋਂ ਬੇ-ਭਾਵ ਹੁੰਦੇ ਹਾਂ। ਹਜ਼ੂਰ ਤੁਸੀਂ ਬਚਨ ਦਿੱਤੇ ਹਨ ਕਿ ਜੋ ਜੀਵ ਸਿਮਰਨ ਕਰਦੇ ਹਨ ਹਜ਼ੂਰ ਉਹਨਾਂ ਦੇ ਸੰਸੇ ਨਵਿਰਤ ਕਰ ਦਿੰਦੇ ਹਨ। ਇਸ ਕਰਕੇ ਮੇਰੇ ਉੱਪਰ ਵੀ ਕਿਰਪਾ ਕਰੋ। ਮੈਂ ਸਿਮਰਨ ਕਰਾਂ ਅਤੇ ਮੇਰੇ ਸਾਰੇ ਸੰਸੇ ਦੂਰ ਹੋਣ ਅਤੇ ਮੈਨੂੰ ਕੋਈ ਵੀ ਦੁਨਿਆਵੀ ਭੈ ਤੰਗ ਨਾ ਕਰੇ।

**ਇਹੁ ਮਨੁ ਲਾਲਚੁ ਕਰਦਾ ਫਿਰੈ**
**ਲਾਲਚਿ ਲਾਗਾ ਜਾਇ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਗਰ ਬੱਚੇ ਨੇ ਵਿਦੇਸ਼ ਜਾਣ ਲਈ ਦਿੱਲੀ ਤੋਂ ਜਾ ਰਾਜਾ ਸਾਂਹਸੀ ਤੋਂ ਫਲਾਈਟ ਲੈਣੀ ਹੋਵੇ ਤਦ ਅਸੀਂ ਗੁਆਂਢੀਆਂ ਨੂੰ ਵੀ ਕਹਿੰਦੇ ਹਾਂ ਕਿ ਸਾਨੂੰ ਜਗਾ ਦਿਓ ਕਿਤੇ ਅਸੀਂ ਸੁੱਤੇ ਨਾ ਰਹਿ ਜਾਈਏ। ਵੈਸੇ ਤਾਂ ਸੌਂਦੇ ਹੀ ਨਹੀਂ ਹਨ, ਜਾਗਦੇ ਹੀ ਰਹਿੰਦੇ ਹਨ ਅਤੇ ਗੁਆਂਢੀ ਵੀ ਆ ਕੇ ਬੈਠੇ ਰਹਿੰਦੇ ਹਨ। ਪਰ ਆਪਾਂ ਸਭ ਨੇ ਐਨਾ ਉਪਰਾਲਾ ਕਦੇ ਸਿਮਰਨ ਕਰਨ ਲਈ ਨਹੀਂ ਕੀਤਾ।

*ਜਿਤਨਾ ਹੇਤ ਕੁਟੰਬ ਸੇ ਉਤਨਾ ਗੁਰੂ ਸੇ ਹੋਇ।*
*ਸੀਧਾ ਜਾਏ ਸਤ ਲੋਕ ਕੋ ਪਲਾ ਨ ਪਕੜੇ ਕੋਇ।*

ਪੈਸੇ ਅਤੇ ਦੁਨਿਆਵੀ ਕੰਮਾਂ ਲਈ ਸਾਰੀ ਰਾਤ ਜਾਗਦੇ ਰਹਿੰਦੇ ਹਾਂ ਪਰ ਮਾਲਿਕ ਦੇ ਨਾਮ ਲਈ ਜਾਗਣ ਲਈ ਕਦੇ ਤਿਆਰ ਨਹੀਂ ਹੁੰਦੇ।

**ਧੰਧੈ ਕੂੜਿ ਵਿਆਪਿਆ ਜਮ ਪੁਰਿ ਚੋਟਾ ਖਾਇ॥੩॥**

1967 ਵਿੱਚ ਅਸੀਂ ਅੰਮ੍ਰਿਤਸਰ ਵਿਖੇ ਐਡੀਸ਼ਨਲ ਐੱਸ.ਐੱਚ. ਓ. ਲੱਗੇ ਹੋਏ ਸੀ। ਸਾਡੇ ਮਨ ਵਿੱਚ ਬਹੁਤ ਸ਼ਰਧਾ ਸੀ ਕਿ ਸ਼ੁਕਰ ਹੈ ਹਜ਼ੂਰ ਨੇ ਅੰਮ੍ਰਿਤਸਰ ਵਿਖੇ ਪੋਸਟਿੰਗ ਕੀਤੀ ਹੈ। ਸਵੇਰੇ ਸ਼ਾਮ ਸ੍ਰੀ ਦਰਬਾਰ ਸਾਹਿਬ ਵਿੱਚ ਮੱਥਾ ਟੇਕਣ ਜਾਇਆ ਕਰਾਂਗੇ। ਅਸੀਂ ਸ੍ਰੀ ਦਰਬਾਰ ਸਾਹਿਬ ਗਏ। ਉੱਥੇ ਘੰਟਾ ਘਰ ਚੌਂਕ ਵਿੱਚ ਇੱਕ ਸਰਦਾਰ ਜੀ ਬੈਠੇ ਕੰਘੇ ਵੇਚ ਰਹੇ ਸਨ। ਉਹ ਕਹਿ ਰਹੇ ਸੀ ਇਹ ਚਿੱਕੜੀ ਦੇ ਕੰਘੇ ਹਨ। ਚਿੱਕੜੀ ਇੱਕ ਦਰੱਖਤ ਹੈ ਜਿਸਦੀ ਲੱਕੜ ਦਾ ਕੰਘਾ ਬਣਾਉਣ ਤੇ ਕੰਘੇ ਦੇ ਦੰਦੇ ਘੱਟ ਟੁੱਟਦੇ ਹਨ। ਅਸੀਂ ਉਸ ਨੂੰ ਪੁੱਛਿਆ ਕਿ ਕਿੰਨੇ ਦਾ ਹੈ? ਉਦੋਂ ਸਸਤਾ ਸਮਾਂ ਸੀ। ਸਾਡੀ ਤਨਖਾਹ ਵੀ ਉਸ ਵਕਤ ਇੱਕ ਸੌ ਸੱਠ ਰੁਪਏ ਹੁੰਦੀ ਸੀ। ਉਦੋਂ ਪੈਸੇ ਦੀ ਬਹੁਤ ਕੀਮਤ ਹੁੰਦੀ ਸੀ। ਉਹ ਕਹਿਣ ਲੱਗਾ ਕਿ ਇਹ ਕੰਘਾ ਟਕੇ ਦਾ ਦਿਆਂਗਾ ਪਰ ਇਸ ਦੇ ਦੰਦੇ ਟੁੱਟਣਗੇ ਨਹੀਂ। ਅਸੀਂ ਸੋਚਿਆ ਕਿ ਚੁਆਨੀ ਦੇ ਕੰਘੇ ਲੈ ਲੈਂਦੇ ਹਾਂ। ਚੁਆਨੀ ਦੇ ਅੱਠ ਕੰਘੇ ਆ ਜਾਣੇ ਹਨ। ਫੇਰ ਕਈ ਵਾਰ ਚਿੱਕੜੀ ਦੇ ਕੰਘੇ ਮਿਲਦੇ ਹੀ ਨਹੀਂ ਹਨ। ਅਸੀਂ ਉਸ ਨੂੰ ਕਿਹਾ ਸੱਚ ਦੱਸੀਂ ਕਿ ਇਹ ਕੰਘਾ ਸੱਚਮੁੱਚ ਚਿੱਕੜੀ ਦਾ ਹੈ? ਉਹ ਸ੍ਰੀ ਦਰਬਾਰ ਸਾਹਿਬ ਵੱਲ ਹੱਥ ਕਰਕੇ ਕਹਿਣ ਲੱਗਾ ਕਿ ਗੁਰੂ ਰਾਮਦਾਸ ਜੀ ਦੀ ਸਹੁੰ, ਸੱਚਖੰਡ ਦੀ ਸਹੁੰ ਇਹ ਚਿੱਕੜੀ ਦਾ ਹੀ ਕੰਘਾ ਹੈ। ਪਰ ਇਸ ਨੂੰ ਕੁਝ ਦਿਨ ਤੇਲ ਵਿੱਚ ਰੱਖਿਉ। ਅਸੀਂ ਕੰਘੇ ਲੈ ਗਏ, ਅਸੀਂ ਜਾ ਕੇ ਸਰੋਂ ਦੇ ਤੇਲ ਵਿੱਚ ਭਿਉ ਦਿੱਤਾ। ਜਦੋਂ ਕੁਝ ਦਿਨਾਂ ਬਾਦ ਅਸੀਂ ਤੇਲ ਵਿੱਚੋਂ ਕੱਢ ਕੇ ਕੰਘਾ ਸਿਰ ਵਿੱਚ ਮਾਰਿਆਂ ਤਾਂ ਉਸ ਦੇ ਸਾਰੇ ਦੰਦੇ ਭੁਰ ਗਏ। ਦੂਜੇ ਨੂੰ ਫੇਰ ਤੀਜੇ ਨੂੰ ਮਾਰਿਆ ਉਹਨਾਂ ਦੇ ਦੰਦੇ ਵੀ ਭੁਰ ਗਏ। ਜਦੋਂ ਐਸਾ ਹੋਇਆ ਤਾਂ ਅਸੀਂ ਆਪਣੇ ਨਾਲ ਦੇ ਸਿਪਾਹੀ ਨੂੰ ਕਿਹਾ ਕਿ ਫਲਾਣੀ ਜਗ੍ਹਾ ਜੋ ਸਰਦਾਰ ਕੰਘੇ ਵੇਚਦਾ ਹੈ ਉਸ ਨੂੰ ਬੁਲਾ ਕੇ ਲਿਆ। ਜਦੋਂ ਉਸ ਨੇ ਆ ਕੇ ਮੈਨੂੰ ਐਡੀਸ਼ਨਲ ਐੱਸ. ਐੱਚ. ਓ. ਦੀ ਕੁਰਸੀ ਉੱਪਰ ਬੈਠੇ ਸਟਾਰ ਲੱਗੇ ਦੇਖੇ ਤਾਂ ਉਹ ਕਹਿਣ ਲੱਗਾ "ਮਰ ਗਏ।" ਅਸੀਂ

ਕਿਹਾ ਤੈਨੂੰ ਕੀ ਹੋਇਆ ? ਉਹ ਕਹਿਣ ਲੱਗਾ ਮੈਂ ਤਾਂ ਉਹ ਕੰਘੇ ਤੁਹਾਨੂੰ ਝੂਠ ਬੋਲ ਕੇ ਵੇਚੇ ਸਨ। ਪਰ ਮੈਨੂੰ ਕੀ ਪਤਾ ਸੀ ਕਿ ਤੁਸੀਂ ਸਾਡੇ ਇੱਥੇ ਹੀ ਅਫਸਰ ਲੱਗੇ ਹੋਏ ਹੋ। ਅਸੀਂ ਕਿਹਾ ਤੂੰ ਪੈਸੇ ਵੱਧ ਲੈ ਲਏ ਕੋਈ ਗੱਲ ਨਹੀਂ। ਪਰ ਤੂੰ ਝੂਠ ਬੋਲਿਆ ਹੈ। ਤੂੰ ਗੁਰਸਿੱਖ ਲੱਗਦਾ ਏਂ, ਵਧੀਆ ਲਿਬਾਸ ਪਾਇਆ ਹੋਇਆ ਹੈ ਅਤੇ ਸਿੱਖਾਂ ਦੇ ਪਵਿੱਤਰ ਅਸਥਾਨ ਦੀ ਝੂਠੀ ਸਹੁੰ ਖਾਧੀ ਏ। ਉਹ ਕਹਿਣ ਲੱਗਾ ਸਰਦਾਰ ਜੀ! ਮੁਆਫ਼ ਕਰ ਦਿਉ।

*ਝੂਠ ਵੀ ਬੁਲੇਂਦੇ ਆਂ,*
*ਕੁਫ਼ਰ ਵੀ ਤੁਲੇਂਦੇ ਆਂ,*
*ਘੱਟ ਵੀ ਤੁਲੇਂਦੇ ਆਂ*
*ਪਰ ਤੇਰਾ ਨਾਮ ਤਾਂ ਜਪੇਂਦੇ ਆਂ।*

ਮੈਂ ਹਜ਼ੂਰ ਚੌਥੇ ਪਾਤਿਸਾਹ ਜੀ ਦਾ ਨਾਮ ਤਾਂ ਲਿਆ ਹੈ ਚਾਹੇ ਝੂਠ ਬੋਲ ਕੇ ਹੀ ਲਿਆ ਹੈ। ਇਸ ਕਰਕੇ ਮੈਨੂੰ ਮਾਫ਼ ਕਰ ਦਿਉ। ਸਾਨੂੰ ਇਹ ਬਹੁਤ ਵਧੀਆ ਲੱਗਾ ਕਿ ਉਸ ਨੇ ਆਪਣੀ ਗਲਤੀ ਤਾਂ ਮੰਨੀ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਅਸੀਂ ਪੈਸਿਆਂ ਲਈ ਝੂਠ ਬੋਲ ਕੇ ਕਸਮਾਂ ਖਾ ਜਾਂਦੇ ਹਾਂ। ਸਾਨੂੰ ਜੂਠ ਅਤੇ ਝੂਠ ਤੋਂ ਵਰਜਿਤ ਰਹਿਣਾ ਚਾਹੀਦਾ ਹੈ। ਸਾਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ ਸੱਚੇ ਪਾਤਿਸ਼ਾਹੋ! ਮੈਂ ਛੋਟੀ-ਛੋਟੀ ਗੱਲ ਪਿੱਛੇ, ਪੈਸੇ ਪਿੱਛੇ ਝੂਠ ਬੋਲਦਾ ਹਾਂ। ਹਜ਼ੂਰ ਮੇਰੇ ਉੱਪਰ ਬਖਸ਼ਿਸ਼ ਕਰੋ ਤਾਂ ਕਿ ਮੈਂ ਸੱਚ ਉੱਪਰ ਪਹਿਰਾ ਦਿਆਂ। ਸੰਤਾਂ ਨੇ ਗੁਰਬਾਣੀ ਵਿੱਚ ਦਰਜ ਕੀਤਾ ਹੈ ਕਿ

*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥੨॥*
*(ਅੰਗ 953)*

*ਤਥਾ*
*ਸਤਯਮੇਵ ਜਯਤੇ*

ਸੱਚ ਦੀ ਹਮੇਸ਼ਾਂ ਜੈ ਜੈ ਕਾਰ ਹੁੰਦੀ ਹੈ। ਮੇਰੇ ਉੱਪਰ ਬਖਸ਼ਿਸ਼ ਕਰੋ ਮੈਂ ਝੂਠ ਦਾ ਸਹਾਰਾ ਨਾ ਲਵਾਂ।

**ਨਾਨਕ ਸਭੁ ਕਿਛੁ ਆਪੇ ਆਪਿ ਹੈ ਦੂਜਾ ਨਾਹੀ ਕੋਇ ॥**

ਉਹ ਮਾਲਿਕ ਸਾਰਿਆਂ ਘਟਾਂ ਵਿੱਚ ਆਪ ਹੀ ਬਿਰਾਜਦੇ ਹਨ। ਕੰਘਾ ਵੇਚਣ ਵਾਲੇ ਵਿੱਚ ਵੀ ਅਤੇ ਕੰਘਾ ਖਰੀਦਣ ਵਾਲੇ ਵਿੱਚ ਵੀ ਮਾਲਿਕ ਆਪ ਹੀ ਹਨ। ਮਾਲਿਕ ਆਪੇ ਲੈਣ ਵਾਲੇ ਹਨ ਅਤੇ ਆਪੇ ਹੀ ਦੇਣ ਵਾਲੇ ਹਨ।

*ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ ॥*
*(ਅੰਗ 731)*

ਹਜ਼ੂਰ ਨੇ ਬਹੁਤ ਸ਼ਰਧਾ ਬਖਸ਼ੀ ਸੀ। ਬੜੇ ਪਿਆਰ ਅਤੇ ਭਾਵ ਨਾਲ ਰਹੀਦਾ ਸੀ। ਪਰ ਜਦੋਂ ਅਸੀਂ ਐਸਾ ਦੇਖਿਆ ਫੇਰ ਸੋਚਿਆ ਕਿ ਸਾਰੇ ਘਟਾਂ ਵਿੱਚ ਸਤਿਗੁਰ ਆਪ ਹੀ ਬੈਠੇ ਹਨ ਕਿਸ ਨੂੰ ਮਾੜਾ ਕਹੀਏ ? ਪਰ ਅਸੀਂ ਛੋਟੀਆਂ-ਛੋਟੀਆਂ ਗੱਲਾਂ ਪਿੱਛੇ ਝੂਠ ਬੋਲਦੇ ਹਾਂ। ਕਈਆਂ ਨੂੰ ਮਜਬੂਰੀ ਵਿੱਚ ਝੂਠ ਬੋਲਣਾ ਪੈਂਦਾ ਹੈ। ਜਦੋਂ ਬੱਚਾ ਕਹਿੰਦਾ ਹੈ ਕਿ ਮੈਂ ਮਾਤਾ-ਪਿਤਾ ਦੇ ਨਾਲ ਜਾਣਾ ਹੈ ਤਦ ਮਾਤਾ ਪਿਤਾ ਕਹਿੰਦੇ ਹਨ ਕਿ ਫਲ੍ਹਾਣੇ ਥਾਂ ਚੱਲੇ ਹਾਂ। ਛੋਟੇ ਜਿਹੇ ਬੱਚੇ ਨਾਲ ਹੀ ਦਿਨ ਵਿੱਚ ਤਿੰਨ ਚਾਰ ਵਾਰ ਝੂਠ ਬੋਲ ਲਈਦਾ ਹੈ। ਬੱਚਿਆ ਨੂੰ ਸੱਚ ਦੱਸਣਾ ਚਾਹੀਦਾ ਹੈ ਕਿ ਪੁੱਤਰ! ਅਸੀਂ ਡਿਊਟੀ ਤੇ ਚੱਲੇ ਹਾਂ। ਉਹ ਇੱਕ ਦੋ ਦਿਨ ਰੋਵੇਗਾ ਫੇਰ ਉਸ ਨੂੰ ਆਪਣੇ ਆਪ ਯਕੀਨ ਹੋ ਜਾਵੇਗਾ ਕਿ ਮੇਰੇ ਪਾਪਾ ਜਾਂ ਮੰਮੀ ਡਿਊਟੀ ਤੇ ਜਾਂਦੇ ਹਨ। ਪਰ ਅਸੀਂ ਜਿਆਦਾਤਰ ਝੂਠ ਦਾ ਸਹਾਰਾ ਲੈਂਦੇ ਹਾਂ। ਪਰ ਹਜ਼ੂਰ ਸਾਨੂੰ ਸੁੱਮਤ ਬਖਸ਼ੋ ਕਿ ਅਸੀਂ ਝੂਠ ਨਾ ਬੋਲੀਏ ਕਿਉਂਕਿ

*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥*
*(ਅੰਗ 136)*

**ਭਗਤਿ ਖਜਾਨਾ ਬਖਸਿਓਨੁ**
**ਗੁਰਮੁਖਾ ਸੁਖੁ ਹੋਇ ॥੪॥੩॥**

ਜਿਹੜੇ ਜੀਵ ਸੱਚ ਉੱਪਰ ਪਹਿਰਾ ਦਿੰਦੇ ਹਨ, ਹਜ਼ੂਰ ਉਹਨਾਂ ਨੂੰ ਭਗਤੀ ਦੇ ਖਜਾਨੇ ਬਖਸ਼ ਦਿੰਦੇ ਹਨ। ਉਹਨਾਂ ਨੂੰ ਕਦੇ ਸਿਮਰਨ ਕਰਨ ਦੀ ਲੋੜ ਨਹੀਂ ਪੈਂਦੀ। ਅਸੀਂ ਡਿਊਟੀ ਵੀ ਜਾਂ ਦੁਨਿਆਵੀ ਕਾਰਜ ਵੀ ਕਰਦੇ ਰਹੇ ਪਰ ਕਦੇ ਝੂਠ ਨਹੀਂ ਸੀ ਬੋਲਿਆ। ਹਜ਼ੂਰ ਕਿਰਪਾ ਕਰਨ ਤਦ ਹੀ ਐਸਾ ਹੋ ਸਕਦਾ ਹੈ। ਕਈ ਵਾਰ ਸਾਨੂੰ ਹਜ਼ੂਰ ਨੇ ਸੇਵਾ ਜਾਂ ਕਿਸੇ ਕੰਮ ਭੇਜ ਦੇਣਾ ਕਿ ਪੁੱਤਰਾ! ਫਲ੍ਹਾਣਾ ਕੰਮ ਕਰਕੇ ਆਓ। ਅਸੀਂ ਦਿਲ ਵਿੱਚ ਸੋਚਣਾ ਕਿ ਅਸੀਂ ਤਾਂ ਸਤਿਸੰਗ ਸੁਣਨ ਆਏ ਸੀ ਹਜ਼ੂਰ ਨੇ ਆਉਂਦਿਆਂ ਹੀ ਬਾਹਰ ਭੇਜ ਦਿੱਤਾ ਹੈ। ਪਰ ਹਜ਼ੂਰ ਨੇ ਅਵਾਜ ਦੇ ਕੇ ਕਹਿਣਾ ਪੁੱਤਰ! ਗੱਲ ਸੁਣ ਜਾ। ਹਜ਼ੂਰ ਨੇ ਝੋਲੀ ਵਿੱਚ ਪ੍ਰਸ਼ਾਦ ਪਾ ਕੇ ਕਹਿਣਾ ਕਿ ਤੈਨੂੰ ਸੌ ਸਤਿਸੰਗ ਦਾ ਫਲ ਬਖਸ਼ਿਆ, ਤੈਨੂੰ ਹਜ਼ਾਰ ਸਤਿਸੰਗ ਦਾ ਫਲ ਬਖਸ਼ਿਆ। ਉਦੋਂ ਸਾਨੂੰ ਇਹ ਪਤਾ ਨਹੀਂ ਸੀ ਹੁੰਦਾ ਕਿ ਪ੍ਰਸਾਦ ਦੇਣ ਲੱਗਿਆਂ ਜੋ ਬਚਨ ਛੱਡ ਰਹੇ ਹਨ ਉਹ ਭਗਤੀ ਦਾ ਖਜਾਨਾ ਬਖਸ਼ ਰਹੇ ਹਨ। ਉਂਞ ਜੀਵ ਹਜਾਰ ਸਤਿਸੰਗ ਸੁਣ ਹੀ ਨਹੀਂ ਸਕਦਾ। ਅਗਰ ਸੁਣ ਵੀ ਲਵੇ ਤਦ ਉਹ ਧਿਆਨ ਨਾਲ ਨਹੀਂ ਸੁਣਦਾ। ਬਹੁਤਾ ਸਮਾਂ ਅਸੀਂ ਘਰਾਂ ਵਿੱਚ, ਪਿੰਡਾਂ ਵਿੱਚ ਤੁਰੇ ਫਿਰਦੇ ਰਹਿੰਦੇ ਹਾਂ ਕਿ ਕਿੰਨੇ ਵਜੇ ਸਤਿਸੰਗ ਖਤਮ ਹੋਵੇਗਾ ਅਤੇ ਕਿੰਨੇ ਵਜੇ ਅਸੀਂ ਘਰ ਪਹੁੰਚਾਂਗੇ। ਸੋਈ ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸਤਿਗੁਰ ਹੀ ਕਿਰਪਾ ਕਰਕੇ ਜੀਵ ਨੂੰ ਨਾਮ ਦਾ ਅਤੇ ਭਗਤੀ ਦਾ ਖਜਾਨਾ ਬਖਸ਼ ਸਕਦੇ ਹਨ।

*ਬੁਲ੍ਹੇ ਸ਼ਾਹ ਮੁਰਸ਼ਦ ਮਿਹਰਬਾਨ ਹੁੰਦਾ*
*ਜਨਤ ਬਖਸ਼ ਦਿੰਦਾ ਫੜ ਕੇ ਕੁੱਤਿਆਂ ਨੂੰ।*

ਗੁਰਬਾਣੀ ਵਿੱਚ ਦਰਜ ਹੈ ਕਿ

*ਕੀੜਾ ਥਾਪਿ ਦੇਇ ਪਾਤਿਸਾਹੀ............ ॥ (ਅੰਗ 144)*

ਗੰਦਗੀ ਦੇ ਕੀੜੇ ਸਮਾਨ ਜੀਵਾਂ ਨੂੰ ਹਜ਼ੂਰ ਪਾਤਿਸ਼ਾਹੀਆਂ ਬਖਸ਼ ਦਿੰਦੇ ਹਨ।

# ਸਤਿਸੰਗ

**ਗਉੜੀ ਮਹਲਾ ੫ ॥ (ਅੰਗ 194)**

**ਹਰਿ ਚਰਣੀ ਜਾ ਕਾ ਮਨੁ ਲਾਗਾ ॥**

**ਦੂਖੁ ਦਰਦੁ ਭ੍ਰਮੁ ਤਾ ਕਾ ਭਾਗਾ ॥੧॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ ਸ਼ਹੀਦਾਂ ਦੇ ਸਿਰਤਾਜ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਓ! ਅਸੀਂ ਗੁਰਦੁਆਰਾ ਸਾਹਿਬ ਜਾਂਦੇ ਹਾਂ। ਮੰਦਿਰ, ਮਸਜਿਦ, ਚਰਚ ਵਿੱਚ ਜਾਂਦੇ ਹਾਂ। ਸਤਿਸੰਗ ਘਰਾਂ ਵਿੱਚ ਜਾਂਦੇ ਹਾਂ। ਗੁਰਬਾਣੀ ਦਾ ਕੀਰਤਨ ਸੁਣਦੇ ਹਾਂ, ਕੀਰਤ (ਕਥਾ) ਵੀ ਸੁਣਦੇ ਹਾਂ। ਪਰ ਮਨ ਹਰੀ ਦੇ ਚਰਨਾਂ ਨਾਲ ਨਹੀਂ ਜੁੜਦਾ। ਮਨ ਰੁੱਖਾ ਸੁੱਖਾ ਗੁਰੂ ਘਰ ਆਉਂਦਾ ਹੈ ਅਤੇ ਰੁੱਖਾ ਸੁੱਖਾ ਹੀ ਵਾਪਸ ਮੁੜ ਜਾਂਦਾ ਹੈ। ਪਰ ਜਿਸ ਜੀਵ ਦਾ, ਪ੍ਰਾਣੀ ਦਾ, ਗੁਰਸਿੱਖ ਦਾ ਮਨ ਗੁਰਬਾਣੀ ਨਾਲ ਜੁੜਦਾ ਹੈ, ਗੁਰਬਾਣੀ ਵੱਲ ਤੁਰਦਾ ਹੈ, ਉਸ ਨੂੰ ਕੋਈ ਦੁੱਖ ਨਹੀਂ ਹੋ ਸਕਦਾ। ਉਸ ਦੇ ਅੰਦਰ ਕੋਈ ਭਰਮ ਨਹੀਂ ਰਹਿ ਸਕਦਾ ਅਤੇ ਹਜ਼ੂਰ ਉਸ ਦੀ ਹਰ ਥਾਂ ਰੱਖਿਆ ਕਰਦੇ ਹਨ। ਜਦੋਂ ਅਸੀਂ ਮਨ ਦੇ ਆਖੇ ਲੱਗ ਕੇ ਕੋਈ ਕੰਮ ਕਰਦੇ ਹਾਂ ਫੇਰ ਮਨ ਸਾਡੇ ਆਖੇ ਨਹੀਂ ਲੱਗਦਾ। ਜਦੋਂ ਅਸੀਂ ਮਨ ਨੂੰ ਗੁਰਬਾਣੀ ਦੇ ਬਚਨਾਂ ਅਨੁਕੂਲ ਮੋੜਾਂਗੇ ਫੇਰ ਮਨ ਅਵੱਸ਼ ਮੁੜੇਗਾ। ਸਾਧੂ ਗੁਰਬਾਣੀ ਦੀ ਹੀ ਉਸਤਿਤ ਕਰਦੇ ਹਨ ਅਤੇ ਗੁਰਬਾਣੀ ਅਨੁਕੂਲ ਹੀ ਸਿੱਖਿਆ ਦਿੰਦੇ ਹਨ। ਸੋਈ ਜੇਕਰ ਅਸੀਂ ਗੁਰਪ੍ਰਸਾਦੀ ਹੋ ਜਾਈਏ, ਸਾਧੂਆਂ ਦੇ ਬਚਨ ਮੰਨ ਲਈਏ ਫੇਰ ਮਨ ਅਵੱਸ਼ ਗੁਰੂ ਦੀ ਚਰਨੀਂ ਲੱਗਦਾ ਹੈ। ਸਭ ਤੋਂ ਵੱਡੀ ਕਸਵੱਟੀ ਮਨ ਨੂੰ ਬਾਣੀ ਵੱਲ ਲਾਉਣਾ ਹੈ। ਅਸੀਂ ਪਾਠ ਕਰਦੇ ਵੀ ਹਾਂ, ਕਰਵਾਉਂਦੇ ਵੀ ਹਾਂ, ਸਭ ਕੁਝ ਕਰਦੇ ਹਾਂ, ਆਪਣੇ ਯਤਨ ਅਤੇ ਕੋਸ਼ਿਸ਼ ਵੀ ਕਰਦੇ ਹਾਂ ਪਰ ਮਨ ਫੇਰ ਕਿਸੇ ਵੇਲੇ ਕਹਿੰਦਾ ਹੈ ਕਿ ਜੋ ਗੁਰਬਾਣੀ ਵੱਲ ਨਹੀਂ ਤੁਰਦੇ ਉਹਨਾਂ ਨੂੰ ਕੀ ਹੋ ਗਿਆ ਹੈ? ਆਪਾਂ ਐਵੇਂ ਕਿਤੇ ਭੁਲੇਖੇ ਜਾਂ ਧੋਖੇ ਵਿੱਚ ਤਾਂ ਨਹੀਂ ਹਾਂ। ਇਸ ਕਰਕੇ

*ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥*

ਇਹ ਮਨ ਸੰਸਿਆਂ ਵਿੱਚ ਪਿਆ ਹੋਇਆ ਹੈ। ਤਦੇ ਸੰਤਾਂ ਨੇ ਅੱਗੇ ਫੁਰਮਾਨ ਕੀਤਾ ਹੈ ਕਿ

*ਮੰਨੁ ਧੋਵਹੁ ਸਬਦਿ ਲਾਗਹੁ*
*ਹਰਿ ਸਿਉ ਰਹਹੁ ਚਿਤੁ ਲਾਇ ॥ (ਅੰਗ 919)*

ਮਨ ਨੂੰ ਗੁਰਬਾਣੀ ਦੇ ਪਾਠ ਅਤੇ ਸਿਮਰਨ ਦੁਆਰਾ ਧੋ ਕੇ ਨਿਰਮਲ ਕਰੋ। ਜੇ ਮਨ ਨਿਰਮਲ ਹੋ ਗਿਆ ਫੇਰ

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ।*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥੫੫॥*
*(ਅੰਗ 1367)*

*ਤਥਾ*

*ਮੇਰਾ ਰਾਮ ਮੁਝੇ ਭਜੇ ਤੋ ਪਾਉ ਬਿਸਰਾਮ।*

ਫੇਰ ਉਸ ਅਕਾਲ ਪੁਰਖ ਵਾਹਿਗੁਰੂ, ਧੁਰ ਕੀ ਬਾਣੀ ਨੇ ਤੁਹਾਡੇ ਕੋਲੋਂ ਆਪ ਜਾਪ ਕਰਵਾ ਲੈਣਾ ਹੈ। ਫੇਰ

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥*
*ਜਹ ਜਹ ਕਾਜ ਕਿਰਤਿ ਸੇਵਕ ਕੀ*
*ਤਹਾ ਤਹਾ ਉਠਿ ਧਾਵੈ ॥੧॥ (ਅੰਗ 403)*

ਹਜ਼ੂਰ ਸੇਵਕਾਂ ਦੇ ਸਾਰੇ ਕਾਰਜ ਆਪ ਕਰਦੇ ਹਨ। ਹਜ਼ੂਰ ਪੰਜਵੇਂ ਪਾਤਿਸ਼ਾਹ ਫੁਰਮਾਨ ਕਰ ਰਹੇ ਹਨ ਕਿ ਤੁਸੀਂ ਆਪਣੇ ਮਨ ਨੂੰ ਸਮਝਾਓ ਕਿ ਐ ਮਨਾ! ਖਾਣਾ ਹੈ ਤਾਂ ਖਾ ਲੈ, ਪੀਣਾ ਹੈ ਤਾਂ ਪੀ ਲੈ, ਭੋਗਣਾ ਹੈ ਤਾਂ ਭੋਗ ਲੈ। ਪਰ ਜਦੋਂ ਮੈਂ ਗੁਰਬਾਣੀ ਵੱਲ ਤੁਰਦਾ ਹਾਂ ਉਸ ਸਮੇਂ ਕਿਰਪਾ ਕਰਕੇ ਮੇਰਾ ਸਾਥ ਦੇ। ਮਨ ਵੀ ਉਸੇ ਮਾਲਿਕ ਦਾ ਬੱਚਾ ਹੈ, ਮਾਲਿਕ ਦਾ ਥਾਪਿਆ ਹੋਇਆ ਹੈ, ਸ਼ਬਦ ਰੂਪੀ ਬਾਣੀ ਦਾ ਹੀ ਥਾਪਿਆ ਹੋਇਆ ਹੈ। ਮਨ ਨੂੰ ਸਮਝਾਓ ਕਿ ਤੂੰ ਵੀ ਉਸੇ ਮਾਲਿਕ ਦਾ ਬੱਚਾ ਏਂ ਜਿਸ ਮਾਲਿਕ ਦਾ ਮੈਂ ਬੱਚਾ ਹਾਂ। ਤੂੰ ਗੁਰਭਾਈ ਹੋਣ ਦੇ ਨਾਤੇ ਹੀ ਮੇਰੇ ਉੱਪਰ ਕਿਰਪਾ ਕਰ, ਮੈਨੂੰ ਗੁਰਬਾਣੀ ਵੱਲ ਤੁਰ ਲੈਣ ਦੇ। ਅਗਰ ਫੇਰ ਵੀ ਆਖੇ ਨਹੀਂ ਲੱਗਦਾ ਪਾਠ ਜਾਂ ਸਿਮਰਨ ਕਰਨ ਲੱਗਿਆਂ ਚੀਂ ਪੈਂ ਕਰਦਾ ਹੈ ਤਦ ਅਗਰ ਸਰਦੀਆਂ ਹਨ ਤਾਂ ਉੱਪਰ ਗਰਮ ਕੱਪੜਾ ਨਾ ਲਓ। ਅਗਰ ਗਰਮੀਆਂ ਹਨ ਤਦ ਪੱਖੇ ਬੰਦ ਕਰ ਲਵੋ। ਅਰਥਾਤ

*ਕੂਟਨੁ ਸੋਇ ਜੁ ਮਨ ਕਉ ਕੂਟੈ ॥*
*ਮਨ ਕੂਟੇ ਤਉ ਜਮ ਤੇ ਛੂਟੈ ॥*

ਅਗਰ ਮਨ ਪਿਆਰ ਨਾਲ ਕਾਬੂ ਨਹੀਂ ਆਉਂਦਾ ਤਾਂ ਇਸ ਤਰ੍ਹਾਂ ਮਨਾ ਲਓ। ਸਾਧੂ ਵੀ ਜੀਵ ਨੂੰ ਪਿਆਰ ਨਾਲ ਕਹਿੰਦੇ ਹਨ ਕਿ ਤੂੰ ਸਿਮਰਨ ਕਰ, ਬੰਦਗੀ ਕਰ। ਅਗਰ ਪਿਆਰ ਨਾਲ ਸਿਮਰਨ ਨਹੀਂ ਕਰਦਾ ਫੇਰ ਮਾਲਿਕ ਕੰਨ ਪੀੜ, ਸਿਰ ਪੀੜ ਲਾ ਦਿੰਦੇ ਹਨ। ਫੇਰ ਫਸਿਆ ਜੀਵ ਸਾਰੀ ਰਾਤ ਜਾਗਦਾ ਰਹਿੰਦਾ ਹੈ ਕਿ ਓ ਸੱਚਿਆ ਪਾਤਿਸ਼ਾਹ! ਪੀੜ ਠੀਕ ਹੋ ਜਾਵੇ। ਫੇਰ ਮਨ ਫਸਿਆ ਹੀ ਸੱਚਿਆ ਪਾਤਿਸ਼ਾਹ ਕਹਿੰਦਾ ਹੈ। ਕਿਉਂਕਿ

*ਦੁਖ ਮੇਂ ਸਿਮਰਨ ਸਭ ਕਰੇਂ ਸੁਖ ਮੇਂ ਕਰੇ ਨਾ ਕੋਇ।*
*ਜੇ ਸੁਖ ਮਹਿ ਸਿਮਰਨ ਕਰੇ ਤਾ ਦੁਖ ਕਾਹੇ ਹੋਇ।*

ਬੀਬੀਆਂ ਨੇ ਸੂਤ ਤਾਂ ਕੱਤਣਾ ਹੀ ਹੁੰਦਾ ਹੈ। ਉਹਨਾਂ ਨੇ ਤੱਕਲਾ ਵਿੰਗਾ ਰਹਿਣ ਨਹੀਂ ਦੇਣਾ। ਜ਼ਰੂਰ ਪਟੋਕੀਆਂ ਖਾ ਕੇ ਹੀ ਸਿੱਧੇ ਹੋਣਾ ਹੈ ?ਉਂਝ ਹੀ ਸਿੱਧੇ ਹੋ ਜਾਈਏ ਤਦ ਠੀਕ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਮਨ ਨੂੰ ਸਮਝਾਓ। ਜਿਹੜਾ ਮਨ ਸਮਝ ਜਾਂਦਾ ਹੈ ਉਸ ਨੂੰ ਕੋਈ ਦੁੱਖ ਜਾਂ ਭਰਮ ਨਹੀਂ ਰਹਿ ਸਕਦਾ। ਉਸ ਦੇ ਸਾਰੇ ਕਾਰਜ ਰਾਸ ਆਉਂਦੇ ਹਨ।

**ਹਰਿ ਧਨ ਕੋ ਵਾਪਾਰੀ ਪੂਰਾ ॥**

**ਜਿਸਹਿ ਨਿਵਾਜੇ ਸੋ ਜਨੁ ਸੂਰਾ ॥੧॥ਰਹਾਉ ॥**

ਜਿਹੜੇ ਨਾਮ ਦਾ ਧਨ ਇੱਕਠਾ ਕਰਦੇ ਹਨ ਉਹ ਸੱਚੇ ਵਪਾਰੀ ਹਨ, ਸੱਚੇ ਵਣਜਾਰੇ ਹਨ। ਤਦੇ ਸੰਤਾਂ ਨੇ ਫੁਰਮਾਇਆ ਹੈ ਕਿ

*ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥*
*ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥*
*ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥੧॥*
*(ਅੰਗ 22)*

ਅਸੀਂ ਸਾਰੇ ਹੀ ਵਪਾਰ ਕਰਦੇ ਹਾਂ। ਕੋਈ ਬਿਜਨੈਸ, ਕੋਈ ਖੇਤੀਬਾੜੀ, ਕੋਈ ਨੌਕਰੀ ਕਰਦਾ ਹੈ। ਹਰ ਕੋਈ ਕੁਝ ਨਾ ਕੁਝ ਕਰ ਰਿਹਾ ਹੈ। ਪਰ ਹਰੀ ਦੇ ਧਨ ਦਾ ਵਪਾਰੀ ਹੀ ਸੱਚਾ ਅਤੇ ਪੂਰਾ ਵਪਾਰੀ ਹੈ। ਜਿਸ ਉੱਪਰ ਮਾਲਿਕ ਇਹ ਬਖਸ਼ਿਸ਼ ਅਤੇ ਰਹਿਮਤ ਕਰ ਦੇਣ ਉਹੋ ਹੀ ਸੂਰਮਾ ਹੈ ਉਹੋ ਹੀ ਵਧੀਆ ਇਨਸਾਨ ਹੈ। ਇੱਥੇ ਸੂਰਮਾ ਕਿਸੇ ਪਹਿਲਵਾਨ, ਤਲਵਾਰ ਦੇ ਧਨੀ ਜਾਂ ਗੋਲੀ ਮਾਰ ਕੇ ਮਾਰਨ ਵਾਲੇ ਨੂੰ ਨਹੀਂ ਕਿਹਾ ਗਿਆ। ਸੂਰਮਾ ਉਹ ਹੈ ਜੋ ਗੁੱਸੇ ਨੂੰ ਮਾਰਦਾ ਹੈ। ਜਿਹੜੇ ਹਾਇਰ ਪੋਸਟਾਂ ਦੇ ਟੈਸਟ ਹੁੰਦੇ ਹਨ ਜਿਵੇਂ I.F.S, IAS., I.P.S ਜਾਂ ਹੋਰ ਵੀ ਜਿਹੜੇ ਟੈਸਟ ਹੁੰਦੇ ਹਨ। ਉਹਨਾਂ ਉਮੀਦਵਾਰਾਂ ਨੂੰ ਇਹ ਪ੍ਰਸ਼ਨ ਆਇਆ ਕਿ ਸਭ ਤੋਂ ਵੱਡਾ ਸੂਰਮਾਂ ਜਾਂ ਯੋਧਾ ਕੌਣ ਹੈ? ਕਿਸੇ ਨੇ ਸਿਕੰਦਰ ਲਿਖਿਆ, ਕਿਸੇ ਕੁਝ ਲਿਖਿਆ। ਪਰ ਉਹਨਾਂ ਨੇ ਕਿਹਾ ਜਿਹੜਾ ਗੁੱਸੇ ਨੂੰ, ਮਨ ਨੂੰ ਮਾਰ ਲੈਂਦਾ ਹੈ ਉਹ ਅਸਲੀ ਸੂਰਮਾ ਹੈ।

*ਮਨੁ ਜੀਤੈ ਜਗੁ ਜੀਤਿਆ........ ॥ (ਅੰਗ 1103)*

ਕਿਉਂਕਿ ਚੰਗੇਜ ਖਾਨ ਨੇ ਵੀ ਇੱਕ ਲੜਕੀ ਪਿੱਛੇ ਬਹੁਤ ਕਤਲੇਆਮ ਕੀਤਾ ਸੀ। ਅੱਗ ਲਾ ਕੇ ਸ਼ਹਿਰਾਂ ਨੂੰ ਸਾੜਿਆ ਸੀ। ਪਰ ਜਦੋਂ ਉਹ ਲੜਕੀ ਚੰਗੇਜ ਖਾਨ ਨੂੰ ਮਿਲੀ ਤਾਂ ਉਸ ਨੇ ਕਿਹਾ ਚੰਗੇਜ ਖਾਨ! ਤੂੰ ਮੇਰੀ ਖਾਤਿਰ ਐਨੀ ਦੁਨੀਆਂ ਦਾ ਕਤਲੇਆਮ ਕੀਤਾ ਹੈ। ਕੀ ਤੂੰ ਮੈਨੂੰ ਹੁਣ ਪ੍ਰਾਪਤ ਕਰ ਲਿਆ ਹੈ? ਚੰਗੇਜ ਖਾਨ ਨੇ ਕਿਹਾ ਕਿ ਹਾਂ ਮੈਂ ਹੁਣ ਤੈਨੂੰ ਪਾ ਲਿਆ ਹੈ। ਉਸ ਲੜਕੀ ਨੇ ਕਿਹਾ ਇਹ ਤੇਰੀ ਭੁੱਲ ਹੈ। ਮੈਂ ਤਾਂ ਜ਼ਹਿਰ ਖਾ ਲਿਆ ਹੈ। ਮੈਂ ਤੇਰੇ ਹੱਥ ਨਹੀਂ ਆਉਣਾ। ਤੂੰ ਮੈਨੂੰ ਪ੍ਰਾਪਤ ਕਰਨ ਲਈ ਐਨੀ ਦੁਨੀਆਂ ਮਾਰੀ। ਅਗਰ ਤੂੰ ਇੱਕ ਵਾਰ ਪਿਆਰ ਨਾਲ ਕਹਿ ਦਿੰਦਾ ਤਾਂ ਮੈਂ ਆਪ ਚੱਲ ਕੇ ਤੇਰੇ ਪਾਸ ਆ ਜਾਂਦੀ।ਤਦੇ ਸੰਤਾਂ ਨੇ ਫੁਰਮਾਨ ਕੀਤਾ ਹੈ ਕਿ

*ਸਾਚ ਕਹੂੰ ਸੁਨ ਲੇਹੁ ਸਭੈ*
*ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।*

ਸੋਈ ਸੂਰਮਾ ਉਹ ਹੈ ਜੋ ਮਨ ਉੱਪਰ ਕੰਟਰੋਲ ਕਰਦਾ ਹੈ।

*ਮਨ ਵਸ ਆਵੇ ਨਾਨਕਾ ਪੂਰਨ ਕਿਰਪਾ ਜਾਣ ॥*

ਜਿਸ ਨੇ ਆਪਣਾ ਮਨ ਜਿੱਤ ਲਿਆ ਸਾਰੀ ਦੁਨੀਆਂ ਉੱਥੇ ਆ ਕੇ ਸਿਜਦੇ ਕਰਦੀ ਹੈ।

**ਜਾ ਕਉ ਭਏ ਕ੍ਰਿਪਾਲ ਗੁਸਾਈ ॥**
**ਸੇ ਜਨ ਲਾਗੇ ਗੁਰ ਕੀ ਪਾਈ ॥੨॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸਾਰੀ ਦੁਨੀਆਂ ਦੀ ਪਾਲਣਹਾਰ ਤਾਕਤ ਗੋਪਾਲ ਜਿਸ ਉੱਪਰ ਮਿਹਰਵਾਨ ਹੁੰਦੀ ਹੈ ਉਹੋ ਹੀ ਗੁਰੂ ਦੇ ਚਰਨੀ ਲੱਗ ਸਕਦਾ ਹੈ। ਉਹੋ ਹੀ ਗੁਰਬਾਣੀ ਵੱਲ ਤੁਰ ਸਕਦਾ ਹੈ। ਅਸੀਂ ਗੁਰਬਾਣੀ ਦਾ ਪਾਠ ਕਰਦੇ ਹਾਂ ਪਰ ਅਮਲ ਘੱਟ ਕਰਦੇ ਹਾਂ ਕਿ

*ਆਪ ਜਪਾਏ ਜਪੈ ਸੋ ਨਾਉ ॥ (ਅੰਗ 270)*
*ਤਥਾ*
*ਸੇ ਸਿਮਰਹਿ ਜਿਨ ਆਪਿ ਸਿਮਰਾਏ ॥*
*ਨਾਨਕ ਤਾ ਕੈ ਲਾਗਉ ਪਾਏ ॥੩॥ (ਅੰਗ 262)*

ਹਜ਼ੂਰ ਸਿਮਰਨ ਵੀ ਅਤੇ ਜਾਪ ਵੀ ਆਪ ਹੀ ਕਰਵਾਉਂਦੇ ਹਨ।

**ਸੁਖ ਸਹਜ ਸਾਂਤਿ ਆਨੰਦਾ ॥**
**ਜਪਿ ਜਪਿ ਜੀਵੇ ਪਰਮਾਨੰਦਾ ॥੩॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਉੱਥੇ ਸੁੱਖ ਵੀ ਅਤੇ ਸਹਿਜ ਅਵਸਥਾ ਵੀ ਆ ਜਾਂਦੀ ਹੈ, ਆਨੰਦ ਦੀ ਪ੍ਰਾਪਤ ਹੁੰਦਾ ਹੈ, ਗ੍ਰਿਹਸਤੀ ਜੀਵਨ ਸੁਖੀ ਹੋਵੇਗਾ। ਪਰ ਉਸ ਪਰਮ ਤਾਕਤ ਦਾ ਜਾਪ ਕਰਨ ਨਾਲ ਹੀ ਖੁਸ਼ੀਆਂ ਮਿਲਦੀਆਂ ਹਨ।

**ਨਾਮ ਰਾਸਿ ਸਾਧ ਸੰਗਿ ਖਾਟੀ ॥**
**ਕਹੁ ਨਾਨਕ ਪ੍ਰਭਿ ਅਪਦਾ ਕਾਟੀ ॥੪॥੧੪੩॥**

ਰਾਸ ਤੋਂ ਭਾਵ ਹੈ ਮਾਲ ਜਾਂ ਧਨ। ਅਸੀਂ ਆਮ ਪੁੱਛਦੇ ਹਾਂ ਕਿ ਫਲਾਣੀ ਦੁਕਾਨ ਵਿੱਚ ਰਾਸ ਕਿੰਨੀ ਹੈ। ਜਿਸ ਦੁਕਾਨ ਵਿੱਚ ਰਾਸ ਜਿਆਦਾ ਹੋਵੇਗੀ ਉਹ ਜਿਆਦਾ ਚੱਲੇਗੀ। ਕਿਹਾ ਜਾਂਦਾ ਹੈ ਕਿ ਜਿਆਦਾ ਰਾਸ ਗਾਹਕ ਨੂੰ ਖਾ ਜਾਂਦੀ ਹੈ ਅਤੇ ਥੋੜ੍ਹੀ ਰਾਸ ਦੁਕਾਨਦਾਨ ਨੂੰ ਖਾ ਜਾਂਦੀ ਹੈ। ਜਿੱਥੇ ਜਿਆਦਾ ਰਾਸ ਹੁੰਦੀ ਹੈ ਉਹ ਸ਼ਾਹੂਕਾਰ ਗਿਣਿਆ ਜਾਂਦਾ ਹੈ। ਹਜ਼ੂਰ ਫੁਰਮਾਉਂਦੇ ਹਨ ਜਿਹੜੇ ਸਾਧੂਆਂ ਨੇ ਨਾਮ ਦਾ ਧਨ ਇੱਕਠਾ ਕੀਤਾ ਉਹਨਾਂ ਦੀ ਸਾਰੀ ਦੁਨੀਆਂ ਪੂਜਾ ਕਰਦੀ ਹੈ।

*ਜਿਨ੍ ਨਾਨਕੁ ਸਤਿਗੁਰੁ ਪੂਜਿਆ*
*ਤਿਨ ਹਰਿ ਪੂਜ ਕਰਾਵਾ ॥੨॥ (ਅੰਗ 450)*
*ਤਥਾ*
*ਜਿੰਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ ॥*
*(ਅੰਗ 451)*

ਜਿਹਨਾਂ ਨੇ ਨਾਮ ਦੀ ਪੂਜਾ ਕੀਤੀ ਹੈ ਜੁਗਾਂ ਤੋਂ ਉਹਨਾਂ ਦੀ ਪੂਜਾ ਹੁੰਦੀ ਆਈ ਹੈ। ਚਾਹੇ ਉਹ ਚੋਲਾ ਛੱਡ ਵੀ ਗਏ ਹੋਣ ਤਦ ਵੀ ਉਹਨਾਂ ਦੀ ਦੁਨੀਆਂ ਵਿੱਚ ਜੈ-ਜੈ ਕਾਰ ਹੁੰਦੀ ਰਹਿੰਦੀ ਹੈ। ਪਰ ਇਹ ਰਾਸ ਦੁਕਾਨਾਂ, ਖੇਤਾਂ ਵਿੱਚੋਂ ਜਾਂ ਹੋਰ ਕਿਤਿਉਂ ਨਹੀਂ ਲੱਭਦੀ। ਇਹ ਰਾਸ ਸਾਧੂ ਦੀ ਸੰਗਤ ਵਿੱਚ ਜਾ ਕੇ ਲੱਭਦੀ ਹੈ।

*ਸਚਖੰਡ ਨੂੰ ਜਾਣ ਦਾ ਰਸਤਾ ਸੰਤ ਬਤਾਉਂਦੇ ਐ।*

ਸਾਧੂਆਂ ਤੋਂ ਬਗੈਰ ਇਹ ਰਾਸ ਨਾ ਕਿਤਿਉਂ ਲੱਭੀ ਹੈ ਅਤੇ ਨਾ ਹੀ ਲੱਭੇਗੀ। ਇਹ ਰਾਸ ਸਾਧੂਆਂ ਦੀ ਸੰਗਤ ਵਿੱਚੋਂ ਹੀ ਲੱਭਦੀ ਹੈ ਅਤੇ ਜਿਸ ਨੂੰ ਲੱਭ ਜਾਂਦੀ ਹੈ ਹਜ਼ੂਰ ਉਸ ਦੀਆਂ ਸਾਰੀਆਂ ਬਿਪਤਾ ਅਤੇ ਦੁਖ ਦੂਰ ਕਰ ਦਿੰਦੇ ਹਨ।

# ਸਤਿਸੰਗ ਸੰਗ੍ਰਾਂਦ ਮਹੀਨਾ ਵੈਸਾਖ

**ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ (ਅੰਗ 1108)**

**ਵੈਸਾਖੁ ਭਲਾ ਸਾਖਾ ਵੇਸ ਕਰੇ ॥**

ਸਭ ਤੋਂ ਪਹਿਲਾਂ ਆਈ ਸੰਗਤ ਨੂੰ ਤਥਾ ਦੇਸ਼ ਵਿਦੇਸ਼ 'ਚੋਂ ਜੋ ਸੰਗਤ ਨਹੀਂ ਵੀ ਆ ਸਕੀ। ਸਭ ਨੂੰ ਖਾਲਸਾ ਜੀ ਦੇ 312ਵੇਂ ਸਿਰਜਣਾ ਦਿਵਸ ਦੀ ਲੱਖ-ਲੱਖ ਵਧਾਈ ਹੋਵੇ। ਵੈਸਾਖ ਦਾ ਮਹੀਨਾ 14-04-2011 ਵੀਰਵਾਰ ਦਾ ਦਿਨ ਅਤੇ ਇਹ ਸਾਲ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ-ਸ਼ਾਂਤੀ, ਖੁਸ਼ੀਆਂ, ਖੇੜੇ, ਨਾਮ ਦੀ ਦਾਤ ਅਤੇ ਕਾਰੋਬਾਰਾਂ ਵਿੱਚ ਵਾਧੇ ਬਖਸ਼ਣ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*
*(ਅੰਗ 1395)*

ਸਾਨੂੰ ਸੋਝੀ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਓ! ਵੈਸਾਖ ਦਾ ਮਹੀਨਾ ਬੜਾ ਅੱਛਾ ਹੈ, ਭਲਾ ਹੈ, ਭਾਗਾਂ ਵਾਲਾ ਹੈ। ਇਸ ਮਹੀਨੇ ਵਿੱਚ ਬਨਸਪਤੀ ਦੀਆਂ ਸ਼ਾਖਾਂ ਲਹਿਰਾਉਂਦੀਆਂ ਹਨ, ਪੁੰਗਰਾਟੇ ਤੋਂ ਬਾਦ ਜੋਬਨ ਵਿੱਚ ਆ ਜਾਂਦੀਆਂ ਹਨ। ਇਸੇ ਤਰੀਕੇ ਜੋ ਆਤਮਾ ਗੁਰਬਾਣੀ ਵੱਲ ਤੁਰਦੀ ਹੈ ਉਸ ਉੱਪਰ ਪੁੰਗਰਾਟਾ ਖੇੜਾ ਹਰਿਆਲੀ ਆਉਂਦੀ ਹੈ। ਇਸ ਮਹੀਨੇ ਵਿੱਚ ਵਿੱਚ ਜੀਵ ਦੀ ਆਤਮਾ ਵੀ ਅਤੇ ਬਨਸਪਤੀ ਵੀ ਖੁਸ਼ੀਆਂ ਮਨਾਉਂਦੀ ਹੈ ਕਿ ਪੱਤਝੜ ਤੋਂ ਬਾਦ ਪੁੰਗਰਾਟਾ ਆਇਆ ਹੈ। ਸਾਨੂੰ ਮਾਲਿਕ ਨੇ ਫੇਰ ਤੋਂ ਰਹਿਮਤ ਅਤੇ ਰੋਸ਼ਨੀ ਬਖਸ਼ੀ ਹੈ। ਇਸ ਕਰਕੇ ਵੈਸਾਖ ਦੇ ਮਹੀਨੇ ਵਿੱਚ ਜੀਵ ਨੂੰ ਜ਼ਰੂਰ ਹੀ ਸਿਮਰਨ ਕਰਨਾ ਚਾਹੀਦਾ ਹੈ।

**ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥**

ਸੱਚੇ ਪਾਤਿਸ਼ਾਹੋ! ਅਸੀਂ ਤੁਹਾਡੀ ਤਾਂਘ ਅਤੇ ਓਡੀਕ ਵਿੱਚ ਹਰੀ ਦੇ ਦੁਆਰ ਉੱਪਰ ਖੜੇ ਹਾਂ ਤੁਸੀਂ ਆ ਕੇ ਸਾਨੂੰ ਦਰਸ਼ਨ ਬਖਸ਼ੋ। ਜਦੋਂ ਕੋਈ ਜੀਵ ਕਿਸੇ ਪਿਆਰੇ ਦੀ ਓਡੀਕ ਵਿੱਚ ਹੁੰਦਾ ਹੈ ਉਸ ਦੇ ਅੰਦਰ ਇਹੋ ਹੀ ਤਾਂਘ ਹੁੰਦੀ ਹੈ ਕਿ ਕਦੋਂ ਹਜ਼ੂਰ ਮੈਨੂੰ, ਮੇਰੀ ਤਾਂਘ ਨੂੰ ਫਲ ਬਖਸ਼ਣਗੇ ਅਤੇ ਆਪਣੇ ਦਰਸ਼ਨ ਬਖਸ਼ਣਗੇ। ਜਦੋਂ ਜੀਵ ਸਿਮਰਨ ਅਤੇ ਪਾਠ ਕਰਦਾ ਹੈ ਉਦੋਂ ਮਾਲਿਕ ਨੂੰ ਬੇਨਤੀ ਕਰੇ ਕਿ ਹਜ਼ੂਰ! ਮੈਂ ਓਡੀਕ ਵਿੱਚ ਹਾਂ। ਤੁਸੀਂ ਮੈਨੂੰ ਆਪਣੇ ਨੂਰਾਨੀ ਚਿਹਰੇ ਦੇ ਦਰਸ਼ਨ ਬਖਸ਼ੋ ਜਾਂ ਮੇਰੇ ਸਾਹਮਣੇ ਆਉ ਤਾਂ ਕਿ ਮੈਂ ਤੁਹਾਡੇ ਦਰਸ਼ਨ ਕਰ ਸਕਾਂ। ਸੰਤਾ ਨੇ ਫੁਰਮਾਨ ਕੀਤਾ ਹੈ ਕਿ

*ਦਰਸਨੁ ਦੇਖਿ ਜੀਵਾ ਗੁਰ ਤੇਰਾ ॥*
*ਪੂਰਨ ਕਰਮੁ ਹੋਇ ਪ੍ਰਭ ਮੇਰਾ ॥੧॥(ਅੰਗ 742)*

ਮੈਂ ਦਰਸ਼ਨਾਂ ਦਾ ਅਭਿਲਾਸ਼ੀ ਹਾਂ ਹਜ਼ੂਰ! ਮੈਨੂੰ ਦਰਸ਼ਨ ਬਖਸ਼ੋ।

**ਘਰਿ ਆਉ ਪਿਆਰੇ ਦੁਤਰ ਤਾਰੇ**

**ਤੁਧੁ ਬਿਨੁ ਅਢੁ ਨ ਮੋਲੋ ॥**

ਹਜ਼ੂਰ ਮੈਂ ਸੁਣਿਆ ਹੈ ਕਿ ਸੱਜਣ ਠੱਗ, ਭੂਮੀਆ ਚੋਰ, ਬਿਧੀ ਚੰਦ ਡਕੈਤ, ਅਜਾਮਲ ਪਾਪੀ, ਗਣਕਾ ਵੇਸਵਾ, ਸਧਨਾ ਕਸਾਈ, ਕੌਡਾ ਰਾਖਸ਼ ਜਾਂ ਰਾਵਣ ਵਰਗੇ ਦੁਤਰਾਂ ਨੂੰ ਵੀ ਦਰਸ਼ਨ ਦੇ ਕੇ ਤੁਸੀਂ ਬਖਸ਼ ਦਿੱਤਾ ਸੀ। ਰਾਵਣ ਨੇ ਜਦੋਂ ਸ੍ਰੀ ਰਾਮ ਚੰਦਰ ਜੀ ਨਾਲ ਯੁੱਧ ਕੀਤਾ ਤਦ ਉਹ ਸ੍ਰੀ ਰਾਮ ਚੰਦਰ ਜੀ ਨੂੰ ਦੇਖ ਕੇ ਬੜਾ ਖੁਸ਼ ਹੋਇਆ ਕਿ ਬੇਸ਼ੱਕ ਮੈਂ ਗਲਤ ਸੀ ਅਤੇ ਤੁਹਾਡੇ ਨਾਲ ਯੁੱਧ ਕੀਤਾ ਪਰ ਮੈਨੂੰ ਬਹੁਤ ਖੁਸ਼ੀ ਹੈ ਕਿ ਮਰਨ ਸਮੇਂ ਮੈਂ ਤੁਹਾਡੇ ਦਰਸ਼ਨ ਕਰ ਰਿਹਾ ਹਾਂ। ਹੁਣ ਮੈਂ ਬਖਸ਼ਿਆ ਜਾਣਾ ਹੈ। ਜਦੋਂ ਪੂਰਨ ਤਾਕਤ ਕਿਸੇ ਉੱਪਰ ਦ੍ਰਿਸ਼ਟੀ ਪਾ ਦਿੰਦੀ ਹੈ ਉਦੋਂ ਕਾਮੀ, ਕਰੋਧੀ ਸਭ ਬਖਸ਼ੇ ਜਾਂਦੇ ਹਨ। ਜੀਵ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ ਸੱਚੇ ਪਾਤਿਸ਼ਾਹੋ! ਮੈਂ ਬੇਸ਼ੱਕ ਗੁਨਾਹਗਾਰ ਹਾਂ, ਦੁਤਰ ਹਾਂ ਪਰ ਮੈਂ ਸੁਣਿਆ ਹੈ ਕਿ ਜਿਸ ਜੀਵ ਨੂੰ ਤੁਸੀਂ ਆਪਣੇ ਦਰਸ਼ਨ ਦਿੰਦੇ ਹੋ ਉਹ ਤਰ ਜਾਂਦਾ ਹੈ। ਇਸ ਕਰਕੇ ਮੈਨੂੰ ਆਪਣੇ ਦਰਸ਼ਨ ਬਖਸ਼ੋ।

**ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ ॥**

ਸੱਚੇ ਪਾਤਿਸ਼ਾਹੋ! ਮੈਂ ਕਿਹੜਾ ਤਰੀਕਾ ਵਰਤਾਂ, ਕਿਹੜੀ ਕੀਮਤ ਪਾਵਾਂ, ਤੁਸੀਂ ਮੇਰੇ ਚੰਨ, ਮਾਹੀ, ਢੋਲ ਹੋ। ਮੈਨੂੰ ਤੁਹਾਡੇ ਦਰਸ਼ਨਾਂ ਦੀ ਤਾਂਘ ਹੈ, ਤੁਹਾਨੂੰ ਦੇਖਣ ਦੀ ਤਾਂਘ ਹੈ। ਹਜ਼ੂਰ ਮੈਨੂੰ ਦੱਸੋ ਮੈਂ ਕੀ ਕੀਮਤ ਅਦਾ ਕਰਾਂ, ਕਿਹੜੀ ਜੁਗਤੀ ਵਰਤਾਂ। ਸੰਤਾਂ ਨੇ ਗੁਰਬਾਣੀ ਵਿੱਚ ਦਰਜ ਕੀਤਾ ਹੈ ਕਿ

*ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ ॥*
*(ਅੰਗ 157)*

ਹਜ਼ੂਰ! ਮੈਨੂੰ ਸਮਝ ਨਹੀਂ ਆ ਰਹੀ ਕਿ ਤੁਸੀਂ ਕਿਸ ਤਰ੍ਹਾਂ ਖੁਸ਼ ਹੁੰਦੇ ਹੋ। ਸੰਤਾਂ ਨੇ ਇੱਥੋਂ ਤੱਕ ਫੁਰਮਾਨ ਕੀਤਾ ਹੈ ਕਿ

*ਸਿਰ ਦਿਤਿਆਂ ਜੇ ਸਤਿਗੁਰ ਮਿਲ ਜਾਏ*
*ਤੋ ਭੀ ਸਸਤਾ ਜਾਣ।*

ਹਜ਼ੂਰ ਮੈਂ ਹਰ ਕੀਮਤ ਅਦਾ ਕਰਨ ਲਈ ਤਿਆਰ ਹਾਂ

ਪਰ ਤੁਸੀਂ ਮੈਨੂੰ ਆਪਣੇ ਦਰਸ਼ਨ ਜਰੂਰ ਬਖਸ਼ੋ।

**ਦੂਰ ਨ ਜਾਨਾ ਅੰਤਰਿ ਮਾਨਾ**
**ਹਰਿ ਕਾ ਮਹਲੁ ਪਛਾਨਾ॥**

ਹਜ਼ੂਰ ਉੱਤਰ ਦੇ ਰਹੇ ਹਨ ਕਿ ਉਸ ਤਾਕਤ ਨੂੰ ਆਪਣੇ ਆਪ ਤੋਂ ਦੂਰ ਨਾ ਸਮਝੋ। ਉਹ ਤੁਹਾਡੇ ਅੰਦਰ ਵਸਦੀ ਹੈ।

*ਕਾਹੇ ਰੇ ਬਨ ਖੋਜਨ ਜਾਈ॥*
*ਸਰਬ ਨਿਵਾਸੀ ਸਦਾ ਅਲੇਪਾ*
*ਤੋਹੀ ਸੰਗਿ ਸਮਾਈ॥੧॥ ਰਹਾਉ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ*
*ਮੁਕਰ ਮਾਹਿ ਜੈਸੇ ਛਾਈ॥*
*ਤੈਸੇ ਹੀ ਹਰਿ ਬਸੇ ਨਿਰੰਤਰਿ*
*ਘਟ ਹੀ ਖੋਜਹੁ ਭਾਈ॥੧॥*
*ਬਾਹਰਿ ਭੀਤਰਿ ਏਕੋ ਜਾਨਹੁ*
*ਇਹੁ ਗੁਰ ਗਿਆਨ ਬਤਾਈ॥*
*ਜਨ ਨਾਨਕ ਬਿਨੁ ਆਪਾ ਚੀਨੈ*
*ਮਿਟੈ ਨ ਭ੍ਰਮ ਕੀ ਕਾਈ॥੨॥ (ਅੰਗ 684)*

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਐ ਜੀਵ! ਅਸੀਂ ਤੇਰੇ ਨਾਲ ਹਾਂ। ਜਿਸ ਤਰ੍ਹਾਂ ਫੁੱਲਾਂ ਵਿਚਲੀ ਖੁਸ਼ਬੂ ਹੁੰਦੀ ਹੈ ਪਰ ਦਿਸਦੀ ਨਹੀਂ ਹੈ ਇਸ ਤਰ੍ਹਾਂ ਸਾਡਾ ਕੋਈ ਅਕਾਰ ਅਤੇ ਰੂਪ ਨਹੀਂ ਹੈ। ਇਸ ਕਰਕੇ ਅਸੀਂ ਤੈਨੂੰ ਦਿਸਦੇ ਨਹੀਂ ਹਾਂ। ਕਿਉਂਕਿ

*ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ॥੧॥*
*(ਅੰਗ 1231)*

ਜਿਹੜੀ ਚੀਜ ਦਿਸਦੀ ਹੈ ਉਹ ਨਾਸ਼ਵਾਨ ਹੈ। ਅਗਰ ਮਾਲਿਕ ਦਿਸ ਪੈਣ ਫੇਰ ਉਹ ਨਾਸ਼ਵਾਨ ਹੋ ਗਏ। ਪਲਟੂ ਸਾਹਿਬ ਨੂੰ ਸੰਗਤ ਨੇ ਪੁੱਛਿਆ ਸੀ ਕਿ ਕਦੇ ਤੁਸੀਂ ਆਪਣੇ ਆਪ ਨੂੰ ਦਾਸ ਅਤੇ ਸੇਵਕ ਕਹਿੰਦੇ ਹੋ ਕਦੇ ਆਪਣੇ ਆਪ ਨੂੰ ਸਭ ਕੁਝ ਕਰਨਹਾਰ ਕਹਿੰਦੇ ਹੋ। ਪਲਟੂ ਸਾਹਿਬ ਨੇ ਉੱਤਰ ਦਿੱਤਾ ਕਿ

*ਪਲਟੂ ਦੇਹ ਕੇ ਕਾਰਨੇ ਵੋਹ ਸਾਹਿਬ ਹਮ ਦਾਸ।*
*ਚਾਰੋਂ ਜੁਗ ਪਰਲੋ ਭਈ ਹਮ ਹੀ ਕਰਨੇਹਾਰ।*

ਜਦੋਂ ਤੱਕ ਦੇਹ ਵਿੱਚ ਹਾਂ ਅਸੀਂ ਦਾਸ ਹਾਂ। ਜਦੋਂ ਦੇਹ ਛੱਡ ਕੇ ਮਾਲਿਕ ਵਿੱਚ ਲੀਨ ਹੋ ਗਏ ਫੇਰ ਅਸੀਂ ਸਾਹਿਬ ਬਣ ਜਾਣਾ ਹੈ। ਸੋਈ ਉਹ ਤਾਕਤ ਇਸ ਕਰਕੇ ਦਿਸਦੀ ਨਹੀਂ ਹੈ ਕਿਉਂਕਿ ਉਹ ਨਾਸ਼ਵਾਨ ਨਹੀਂ ਹੈ। ਆਪਾਂ ਸਾਰੇ ਇੱਕ ਦੂਸਰੇ ਨੂੰ ਦਿਸਦੇ ਹਾਂ ਆਪਾਂ ਸਾਰੇ ਨਾਸ਼ਵਾਨ ਹਾਂ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਐ ਜੀਵ! ਤੂੰ ਵਿਸ਼ਵਾਸ ਅਤੇ ਭਰੋਸਾ ਰੱਖ। ਅਸੀਂ ਤੇਰੇ ਕੋਲੋਂ ਦੂਰ ਨਹੀਂ ਹਾਂ। ਅਸੀਂ ਤੇਰੇ ਅੰਦਰ, ਬਾਹਰ, ਸਾਹਮਣੇ, ਨੇੜੇ ਵੀ ਹਾਂ।

*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥*
*(ਅੰਗ 684)*

ਅਲੇਪਾ ਤੋਂ ਭਾਵ ਕਿਸੇ ਨੂੰ ਚੰਬੜਨਾ, ਗਲਵਕੜੀ ਪਾਉਣਾ ਹੈ। ਉਹ ਤਾਕਤ

Omni Present, Omni Potent, Omni Cient.

ਹੈ। ਉਹ ਹਰ ਜੀਵ ਦੇ ਨਾਲ ਰਹਿੰਦੀ ਹੈ ਪਰ ਸਾਨੂੰ ਉਹ ਨਜਰ ਨਹੀਂ ਆਉਂਦੀ ਕਿਉਂਕਿ ਉਸਦਾ ਕੋਈ ਅਕਾਰ ਨਹੀਂ ਹੈ।

*ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥*
*ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥੧॥*
*(ਅੰਗ 283)*

ਜਦੋਂ ਅਸੀਂ ਸਮਝਾਂਗੇ ਕਿ ਹਜ਼ੂਰ ਸਾਡੇ ਨਾਲ ਹਨ ਫੇਰ ਅਸੀਂ ਕਿਸੇ ਦਾ ਵਿਰੋਧ ਜਾਂ ਚੁਗਲੀ, ਨਿੰਦਾ ਨਹੀਂ ਕਰਾਂਗੇ। ਕਿਸੇ ਨਾਲ ਧੋਖਾ ਨਹੀਂ ਕਰਾਂਗੇ। ਪਰ ਮਾਲਿਕ ਇਨਸਾਨ ਨੂੰ ਚਾਹੇ ਕਿੰਨਾ ਕੁੱਛ ਵੀ ਬਖਸ਼ ਦੇਣ ਉਸ ਦੇ ਅੰਦਰੋ ਲੋਭ, ਮਾਇਆ ਦਾ ਲਾਲਚ ਨਹੀਂ ਜਾਂਦਾ। ਹਜ਼ੂਰ ਹੀ ਕਿਰਪਾ ਕਰਨ ਤਾਂ ਜੀਵ ਬਚਨਾਂ ਉੱਪਰ ਅਮਲ ਕਰੇ ਅਤੇ ਉਸ ਨੂੰ ਭਰੋਸਾ ਅਤੇ ਯਕੀਨ ਆ ਜਾਵੇ ਕਿ ਮੈਂ ਮਾਲਿਕ ਦਾ ਬੱਚਾ ਹਾਂ। ਹਜ਼ੂਰ ਚੌਵੀ ਘੰਟੇ ਮੇਰੇ ਨਾਲ ਹਨ। ਉਹ

*ਘਟ ਘਟ ਕੇ ਅੰਤਰ ਕੀ ਜਾਨਤ।*
*ਭਲੇ ਬੁਰੇ ਕੀ ਪੀਰ ਪਛਾਨਤ।*

ਵਰਨਾ ਪਾਠ, ਕੀਰਤਨ, ਕਥਾ, ਸਤਿਸੰਗ ਸੁਣਨ ਦਾ ਕੋਈ ਲਾਭ ਨਹੀਂ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਐ ਜੀਵ! ਤੂੰ ਸਾਨੂੰ ਚੌਵੀ ਘੰਟੇ ਆਪਣੇ ਕੋਲ ਅਤੇ ਨਾਲ ਸਮਝ। ਅਸੀਂ ਕਦੇ ਵੀ ਤੇਰੇ ਕੋਲੋਂ ਦੂਰ ਨਹੀਂ ਹਾਂ।

**ਨਾਨਕ ਵੈਸਾਖੀਂ ਪ੍ਰਭੁ ਪਾਵੈ**
**ਸੁਰਤਿ ਸਬਦਿ ਮਨੁ ਮਾਨਾ॥੬॥**

ਜੋ ਜੀਵ ਸੁਰਤ ਅਤੇ ਸ਼ਬਦ ਦਾ ਜਾਪ ਕਰਦੇ ਹਨ।

*ਪਵਨ ਅਰੰਭੁ ਸਤਿਗੁਰ ਮਤਿ ਵੇਲਾ॥*
*ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ (ਅੰਗ 943)*

ਜਿਸ ਦੇ ਅੰਦਰ ਧੁਨ ਖੜਕਦੀ ਹੈ ਉਹ ਸੇਵਕ ਹੈ, ਸਿੱਖ ਹੈ, ਮੁਰੀਦ ਹੈ। ਜਿਸ ਦੀ ਸ਼ਬਦ ਰੂਪੀ ਨਾਮ ਨਾਲ ਸੁਰਤ ਜੁੜਦੀ ਹੈ ਉਹ ਚੇਲਾ ਹੈ। ਜਿਸ ਸੁਰਤ ਨੂੰ ਧੁਨ ਸੁਣਾਈ ਦਿੰਦੀ ਹੈ ਸਮਝ ਲਉ ਉਹ ਸੇਵਕ ਅਤੇ ਚੇਲਾ ਬਣ ਗਿਆ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਵੈਸਾਖ ਦੇ ਮਹੀਨੇ ਵਿੱਚ ਸੇਵਕ, ਚੇਲੇ, ਸਿੱਖ, ਮੁਰੀਦ ਬਣ ਕੇ ਸਿਮਰਨ ਕਰਾਂਗੇ ਫੇਰ ਸਾਡੇ ਅੰਦਰ ਇੱਕ ਧੁਨ ਸੁਣਾਈ ਦੇਣ ਲੱਗ ਪਵੇਗੀ। ਫੇਰ ਅਗਾਂਹ ਧੁਨਾਂ ਦੀ ਅਵਾਜ ਵੱਖਰੀ-ਵੱਖਰੀ ਹੈ।

*ਧੁਨ ਘੰਟਨ ਕੀ ਧੁਨ ਸੰਖਨ ਕੀ*

ਪਹਿਲਾਂ ਘੰਟੇ ਖੜਕਦੇ ਹਨ ਫੇਰ ਸੰਖਾਂ ਦੇ ਪੂਰਨ ਦੀ ਅਵਾਜ ਸੁਣਾਈ ਦਿੰਦੀ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਵੈਸਾਖ ਦੇ ਮਹੀਨੇ ਵਿੱਚ ਜਿਸ ਜੀਵ ਨੂੰ ਧੁਨ ਸੁਣਾਈ ਦੇਣ ਲੱਗ ਪਵੇਗੀ ਉਹ ਸਮਝੇ ਕਿ ਉਸ ਨੂੰ ਮਾਲਿਕ ਦਾ ਪਿਆਰ ਮਿਲ ਗਿਆ ਹੈ, ਦਰਸ਼ਨ ਅਵੱਸ਼ ਹੋਣਗੇ।

ਸੋਈ ਵੈਸਾਖ ਦਾ ਮਹੀਨਾ ਵੀਰਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਸਾਰਿਆਂ ਪਰਿਵਾਰਾਂ ਵਿੱਚ ਖੁਸ਼ੀਆਂ ਖੇੜੇ ਬਖਸ਼ਣ। ਸਾਰੀ ਕਾਇਨਾਤ ਉੱਪਰ ਖੁਸ਼ੀਆਂ ਖੇੜੇ ਬਖਸ਼ਣ। ਜੀਵ ਨੂੰ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਹੁਣ ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਮਾਝ ਰਾਗ ਵਿੱਚ ਇਸ ਮਹੀਨੇ ਬਾਰੇ ਜੋ ਭੇਦ ਬਖਸ਼ ਰਹੇ ਹਨ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

**ਬਾਰਹ ਮਾਹਾ ਮਾਂਝ ਮਹਲਾ ੫ (ਅੰਗ 133)**

**ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ ਜਿੱਥੇ ਬਿਰਾਜੇ ਰਹੇ, ਉਹ ਸਾਡਾ ਹੀ ਸੂਬਾ ਪੰਜਾਬ ਸੀ। ਅੱਜਕੱਲ ਉਸ ਦੀ ਵੰਡ ਕਰਕੇ ਕੁਝ ਹਰਿਆਣੇ ਵਿੱਚ ਕੁਝ ਪੱਛਮੀ ਪੰਜਾਬ (ਪਾਕਿਸਤਾਨ) ਵਿੱਚ ਚਲਾ ਗਿਆ ਅਤੇ ਕੁਝ ਹਿਮਾਚਲ ਬਣ ਗਿਆ। ਪਹਿਲਾਂ ਸਾਰਾ ਪੰਜਾਬ ਹੀ ਸੀ ਅਤੇ ਖੇਤੀਬਾੜੀ ਪ੍ਰਧਾਨ ਸੂਬਾ ਸੀ। ਹੁਣ ਵੀ ਹਿੰਦੁਸਤਾਨ ਨੂੰ ਜਿਆਦਾ ਅੰਨ ਦਾ ਭੰਡਾਰ ਇਹੋ ਹੀ ਇਲਾਕਾ ਦੇ ਰਿਹਾ ਹੈ। ਅਸੀਂ ਵੀ ਅੱਜ ਆਉਂਦਿਆਂ ਰਸਤੇ ਵਿੱਚ ਸਖਪਾਲ ਸਿੰਘ (ਸਾਹਬੀ) ਨੂੰ ਪੁੱਛਿਆ ਕਿ ਹਜ਼ੂਰ ਦੀ ਬਖਸ਼ੀ ਹੋਈ ਕਣਕ ਕਦੋਂ ਕੁ ਵੱਢਣੀ ਹੈ ? ਉਹ ਨੇ ਦੱਸਿਆ ਕਿ ਸਾਨੂੰ ਚਾਰ ਪੰਜ ਦਿਨ ਲੱਗਣੇ ਹਨ। ਜਿੰਨੇ ਵੀ ਜਿੰਮੀਦਾਰ ਖੇਤੀ ਕਰਦੇ ਹਨ ਉਹਨਾਂ ਦੇ ਮਨ ਵਿੱਚ ਹੁੰਦਾ ਹੈ ਕਿ ਫਸਲ ਪੱਕੀ ਹੈ ਜਲਦੀ ਵੱਢੀਏ। ਅਗਰ ਗੁਰਸਿੱਖ ਚਾਹਵੇ ਕਿ ਮੈਨੂੰ ਇਸ ਮਹੀਨੇ ਵਿੱਚ ਧੁਨ ਸੁਣਾਈ ਦੇਵੇ, ਮਾਲਿਕ ਦਰਸ਼ਨ ਦੇਣ ਤਦ ਉਹਨਾਂ ਨੂੰ ਹੀ ਦਰਸ਼ਨ ਹੁੰਦੇ ਹਨ ਜਿਹਨਾਂ ਨੇ ਪਹਿਲਾਂ ਸਿਮਰਨ ਦੀ ਖੇਤੀ ਅੰਦਰ ਬੀਜੀ ਹੁੰਦੀ ਹੈ। ਉਹੋ ਹੀ ਜਿੰਮੀਦਾਰ ਫਸਲ ਕੱਟੇਗਾ ਜਿਸ ਨੇ ਪਹਿਲਾਂ ਬੀਜੀ ਹੋਵੇਗੀ। ਹੁਣ ਵੈਸਾਖ ਵਿੱਚ ਕਣਕ ਬੀਜ ਕੇ ਤਾਂ ਕੱਟੀ ਨਹੀਂ ਜਾ ਸਕਦੀ। ਨਵੀਂ ਟੈਕਨੀਕ ਦੇ ਬੀਜ ਅਤੇ ਸਾਧਨ ਆ ਜਾਣ ਕਾਰਨ ਕੱਤਕ ਮਹੀਨੇ ਤੋਂ ਫਸਲ ਬੀਜੀ ਜਾਂਦੀ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਉਹੋ ਜੀਵ ਹੀ ਫਸਲ ਵੱਢੇਗਾ ਅਤੇ ਖੇਤੀ ਵਿੱਚ ਪ੍ਰਫੁੱਲਤ ਹੋਵੇਗਾ ਜੋ ਸਮੇਂ ਸਿਰ ਆਪਣੇ ਖੇਤ ਵਿੱਚ ਹਲ ਵਾਹੁੰਦਾ ਹੈ। ਇਨਸਾਨ ਦਾ ਖੇਤ ਇਨਸਾਨ ਦੀ ਦੇਹ ਹੈ। ਇਸ ਵਿੱਚ ਸਿਮਰਨ ਦਾ ਹਲ ਵਾਹੇ, ਨਾਮ ਦਾ ਬੀਜ ਪਾਵੇ, ਫੇਰ ਉਹ ਫਸਲ ਉੱਗਦੀ ਹੈ। ਉਸ ਫਸਲ ਨੂੰ ਪਾਣੀ ਦੇ ਦੇ ਕੇ, ਜਾਨਵਰਾਂ ਤੋਂ ਬਚਾ ਕੇ ਪਾਲਿਆ ਜਾਂਦਾ ਹੈ। ਫੇਰ ਉਹ ਫਸਲ ਵਧੀਆ ਪੱਕਦੀ ਹੈ। ਹਜ਼ੂਰ ਪੰਜਵੇਂ ਪਾਤਿਸ਼ਾਹ ਫੁਰਮਾਨ ਕਰ ਰਹੇ ਹਨ ਕਿ ਉਹੋ ਜੀਵ ਹੀ ਫਸਲ ਕੱਟਣਗੇ ਜਿਹਨਾਂ ਨੇ ਪਹਿਲਾਂ ਬੀਜੀ ਹੋਈ ਹੈ। ਐਸਾ ਨਹੀਂ ਹੈ ਕਿ ਇਕੱਲੇ ਵੈਸਾਖ ਦੇ ਮਹੀਨੇ ਵਿੱਚ ਸਿਮਰਨ ਕਰਨ ਨਾਲ ਦਰਸ਼ਨ ਹੁੰਦੇ ਹਨ। ਇਸ ਮਹੀਨੇ ਵਿੱਚ ਸਿਮਰਨ ਕਰਨ ਨਾਲ ਬਖਸ਼ਿਸ਼ ਜਿਆਦਾ ਅਵੱਸ਼ ਹੁੰਦੀ ਹੈ। ਜਿਸ ਨੂੰ ਪਹਿਲਾਂ ਧੁਨ ਸੁਣਾਈ ਨਹੀਂ ਦਿੱਤੀ ਜਾਂ ਦਰਸ਼ਨ ਨਹੀਂ ਹੋਏ ਅਤੇ ਉਹ ਸਿਮਰਨ ਕਰਦੇ ਰਹੇ ਹਨ ਤਦ ਉਹਨਾਂ ਨੂੰ ਇਸ ਮਹੀਨੇ ਵਿੱਚ ਧੁਨ ਸੁਣਾਈ ਦੇਣ ਲੱਗ ਪੈਂਦੀ ਹੈ ਅਤੇ ਦਰਸ਼ਨ ਵੀ ਹੋ ਜਾਂਦੇ ਹਨ। ਇਸ ਕਰਕੇ ਸਾਨੂੰ ਹਮੇਸ਼ਾ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ।

**ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥**

ਪਰ ਅਸੀਂ ਪ੍ਰੇਮ ਕਰਨ ਦੀ ਬਜਾਇ ਉਸ ਮਾਲਿਕ ਨੂੰ ਵਿਸਾਰ ਕੇ ਮਾਇਆ ਵਿੱਚ ਫਸੇ ਰਹਿੰਦੇ ਹਾਂ। ਅਸੀਂ ਦੇਖਿਆ ਹੈ ਜਿਹੜੇ ਜੀਵ ਭਗਤੀ ਮਾਰਗ ਵਿੱਚ ਆਉਂਦੇ ਹਨ ਉਹ ਵੀ ਮਾਲਿਕ ਮਾਲਿਕ ਤਾਂ ਬਹੁਤ ਕਰਦੇ ਹਨ ਪਰ ਮਾਲਿਕ ਨੂੰ ਵਿਸਾਰ ਕੇ ਮਾਇਆ ਵੱਲ ਤੁਰ ਪੈਂਦੇ ਹਨ। ਇਹ ਮਾਇਆ ਨਾ ਅਜੇ ਤੱਕ ਕਿਸੇ ਦੇ ਨਾਲ ਗਈ ਹੈ ਅਤੇ ਨਾ ਹੀ ਜਾਵੇਗੀ। ਕਿਸੇ ਨੂੰ ਇਹ ਪਤਾ ਨਹੀਂ ਹੈ ਕਿ ਇਸ ਮਾਇਆ ਨੇ ਕਿਸ ਵਕਤ ਕੀ ਕਰ ਦੇਣਾ ਹੈ।

*ਵਕਤ ਕੀ ਹਰ ਸ਼ੈਅ ਗੁਲਾਮ।*
*ਵਕਤ ਕਾ ਹਰ ਸ਼ੈਅ ਪੇ ਰਾਜ*
*ਆਦਮੀ ਕੋ ਚਾਹੀਏ*
*ਵਕਤ ਸੇ ਡਰ ਕਰ ਰਹੇ।*

ਅਸੀਂ ਤੁਸੀਂ ਤਾਂ ਬਹੁਤ ਛੋਟੇ ਜੀਵ ਹਾਂ। ਵੱਡੇ-ਵੱਡੇ ਰਾਜੇ ਮਹਾਰਾਜਿਆਂ ਨੂੰ ਵੀ ਪਤਾ ਨਹੀਂ ਲੱਗਾ ਕਿ ਮਾਇਆ ਨੇ ਕੀ ਕੀਤਾ ਹੈ। ਪਰ ਮਾਇਆ ਉਦੋਂ ਜਿਆਦਾ ਐਕਸ਼ਨ ਕਰਦੀ ਹੈ ਜਦੋਂ ਅਸੀਂ ਮਾਲਿਕ ਨੂੰ ਵਿਸਾਰ ਦਿੰਦੇ ਹਾਂ, ਮਾਲਿਕ ਨਾਲ ਪ੍ਰੇਮ ਨਹੀਂ ਕਰਦੇ। ਸਾਨੂੰ ਭੁੱਲ ਕੇ ਵੀ ਮਾਇਆ ਦੇ ਚੱਕਰ ਵਿੱਚ ਫੱਸ ਕੇ ਮਾਲਿਕ ਨੂੰ ਵਿਸਾਰਨਾ ਨਹੀਂ ਚਾਹੀਦਾ। ਅਸੀਂ ਰੋਜ ਬੇਨਤੀ ਕਰਦੇ ਹਾਂ ਅਤੇ ਸੰਤਾਂ ਨੇ ਵੀ ਮੋਹਰ ਲਗਾ ਦਿੱਤੀ ਹੈ ਕਿ

*ਤੂੰ ਵਿਸਰਹਿ ਤਾਂ ਸਭੁ ਕੋ ਲਾਗੂ*
*ਚੀਤਿ ਆਵਹਿ ਤਾਂ ਸੇਵਾ॥ (ਅੰਗ 383)*

ਜਦੋਂ ਅਸੀਂ ਮਾਲਿਕ ਨੂੰ ਵਿਸਰਦੇ ਹਾਂ ਤਦ ਸਾਰੀਆਂ ਉਪਾਧੀਆਂ, ਬਿਮਾਰੀਆਂ, ਝਗੜੇ ਪੈਦਾ ਹੋ ਕੇ ਸਾਰੇ ਕੰਮ ਉਲਟ ਹੋ ਜਾਂਦੇ ਹਨ। ਜਦੋਂ ਮਾਲਿਕ ਨੂੰ ਚੇਤੇ ਕਰਦੇ ਹਾਂ ਤਦ ਸੇਵਾ ਬਣਦੀ ਹੈ ਅਤੇ ਜੀਵ ਬਖਸ਼ਿਆ ਜਾਂਦਾ ਹੈ। ਹਜ਼ੂਰ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਓ। ਪਿਆਰ ਅਤੇ ਪ੍ਰੇਮ ਨਾ ਛੱਡਿਓ।

*ਸਾਚ ਕਹੂੰ ਸੁਨ ਲੇਹੁ ਸਭੀ*
*ਜਿਨਿ ਪ੍ਰੇਮ ਕੀਓ ਤਿਨਿ ਹੀ ਪ੍ਰਭ ਪਾਇਓ॥*

ਪ੍ਰੇਮ ਵੀ ਹਜ਼ੂਰ ਦੀ ਕਿਰਪਾ ਤੋਂ ਬਗੈਰ ਨਹੀਂ ਉਪਜਦਾ। ਪਰ ਇਸ ਵਿੱਚ ਕਿਸੇ ਅਮੀਰੀ ਜਾਂ ਗਰੀਬੀ ਦਾ ਦਖਲ ਨਹੀਂ ਹੈ।

*ਪ੍ਰੇਮ ਨ ਬਾੜੀ ਉਪਜੇ ਪ੍ਰੇਮ ਨ ਹਾਟ ਬਿਕਾਏ।*
*ਰਾਜਾ ਪਰਜਾ ਜੋ ਕਰੇ ਪ੍ਰੇਮ ਕੀਏ ਲੈ ਜਾਏ।*

ਪ੍ਰੇਮ ਨਾ ਖੇਤਾਂ ਵਿੱਚ ਉੱਗਦਾ ਹੈ ਨਾ ਹੀ ਹੱਟੀਆਂ ਵਿੱਚ ਵਿਕਦਾ ਹੈ। ਇਹ ਹਜ਼ੂਰ ਦੀ ਕਿਰਪਾ ਸਦਕਾ ਹੀ ਉਪਜਦਾ ਹੈ। ਪਰ ਅਸੀਂ ਉਸ ਸੱਜਣ ਨੂੰ ਵਿਸਾਰ ਕੇ ਮਾਇਆ ਵਿੱਚ ਫੱਸ ਜਾਂਦੇ ਹਾਂ ਫੇਰ ਮਾਰ ਖਾਂਦੇ ਹਾਂ।

**ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥**

ਪੁੱਤਰ ਬੇਸ਼ੱਕ ਸ਼ਰਾਬੀ ਹੋਵੇ, ਕਬਾਬੀ ਹੋਵੇ, ਅੱਤ ਦਾ ਵੈਲੀ ਹੋਵੇ, ਮਾੜੇ ਕਰਮ ਕਰਦਾ ਹੋਵੇ ਉਸ ਵਾਸਤੇ ਜੀਵ ਠੱਗੀਆਂ ਮਾਰਦਾ ਹੈ ਪਰ ਸਤਿਗੁਰ ਤੋਂ ਬੇਮੁੱਖ ਹੋ ਜਾਂਦਾ ਹੈ। ਸੰਗਤ ਵਿੱਚ ਬਹੁਤ ਸਾਰੇ ਜੀਵ ਐਸੇ ਹਨ ਜਿਹਨਾਂ ਦੇ ਧੀਆਂ ਪੁੱਤਰ ਬਹੁਤ ਵਿਗੜੇ ਹੋਏ ਹਨ ਪਰ ਫੇਰ ਵੀ ਉਹਨਾਂ ਦਾ ਪੱਖ ਨਹੀਂ ਛੱਡਦੇ। ਪਰ ਸੰਤਾਂ ਅਤੇ ਗੁਰਬਾਣੀ ਤੋਂ ਵੱਖਰਾ ਹੋਣ ਦਾ ਹਮੇਸ਼ਾ ਬਹਾਨਾ ਲੱਭਦੇ ਰਹਿੰਦੇ ਹਨ। ਹਜ਼ੂਰ ਫੁਰਮਾਨ ਕਰ ਹਨ ਕਿ ਇਹ ਪੁੱਤਰ ਕਲਿਤਰ ਸਦਾ ਨਾਲ ਨਹੀਂ ਰਹਿੰਦੇ।

*ਸੁਖ ਮੈ ਆਨਿ ਬਹੁਤੁ ਮਿਲਿ ਬੈਠਤ*
*ਰਹਤ ਚਹੂ ਦਿਸਿ ਘੇਰੈ॥*
*ਬਿਪਤਿ ਪਰੀ ਸਭ ਹੀ ਸੰਗੁ ਛਾਡਿਤ*
*ਕੋਊ ਨ ਆਵਤ ਨੇਰੈ॥੧। (ਅੰਗ 634)*

*ਤਥਾ*

*ਸੰਗ ਸਖਾ ਸਭਿ ਤਜਿ ਗਏ*
*ਕੋਊ ਨ ਨਿਬਹਿਓ ਸਾਥ॥*
*ਕਹੁ ਨਾਨਕ ਇਹ ਬਿਪਤਿ ਮੈ*
*ਟੇਕ ਏਕ ਰਘੁਨਾਥ॥੫੫॥ (ਅੰਗ 1429)*

ਅਖੀਰਲੇ ਸਮੇਂ ਉਸ ਮਾਲਕਿ ਦਾ ਨਾਮ ਹੀ ਸਹਾਇਤਾ ਕਰਦਾ ਹੈ, ਅਬਿਨਾਸ਼ੀ ਤਾਕਤ ਹੀ ਸਹਾਇਤਾ ਕਰਦੀ ਹੈ। ਸੰਤਾਂ ਨੇ ਪੁੱਤਰ ਸਪੁੱਤਰ ਅਰਥਾਤ ਸਪੂਤ ਬਾਰੇ ਫੁਰਮਾਨ ਕੀਤਾ ਹੈ ਕਿ

*ਪੂਤ ਕਪੂਤ ਧਨ ਕਾਹੇ ਕਉ ਸੰਚੀਐ।*

ਕਪੁੱਤਰ ਜਾਂ ਕਪੂਤ ਦੀ ਗੱਲ ਦੂਰ ਦੀ ਹੈ। ਅਗਰ ਪੁੱਤਰ ਨੇਕ ਹੋਇਆ ਉਸ ਨੇ ਤੁਹਾਡੇ ਕਾਰੋਬਾਰ ਅੱਗੇ ਤੋਰ ਲੈਣਾ ਹੈ, ਹੋਰ ਵਾਧਾ ਪਾ ਲੈਣਾ ਹੈ ਪਰ ਕਪੁੱਤਰ ਨੇ ਸਭ ਕੁਛ ਖਤਮ ਕਰ ਦੇਣਾ ਹੈ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਸਿਰਫ਼ ਨਾਮ ਦੇ ਧਨ ਨੇ ਨਾਲ ਜਾਣਾ ਹੈ ਹੋਰ ਕਿਸੇ ਨੇ ਨਾਲ ਨਹੀਂ ਜਾਣਾ।

**ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥**

ਆਪਾਂ ਸਾਰੇ ਹੀ ਰਾਤ ਦਿਨ ਜਦੋਂ ਵੀ ਬੈਠਦੇ ਹਾਂ ਇਹੋ ਹੀ ਵਿਚਾਰ ਕਰਦੇ ਹਾਂ ਕਿ ਮਾਇਆ ਕਿਵੇਂ ਇਕੱਠੀ ਕੀਤੀ ਜਾ ਸਕਦੀ ਹੈ। ਆਪਾਂ ਸਾਰੇ ਧੰਦੇ ਅਤੇ ਮੋਹ ਵਿੱਚ ਫਸ ਕੇ ਗੱਲਾਂ ਕਰਦੇ ਹਾਂ। ਉਹ ਜੀਵ ਅਤੇ ਪਰਿਵਾਰ ਭਾਗਾਂ ਵਾਲੇ ਹੁੰਦੇ ਹਨ ਜੋ ਮਾਲਿਕ ਦੇ ਬਚਨ ਕਰਦੇ ਹਨ। ਗੁਰੂ ਦੇ ਪਿਆਰੇ ਹੀ ਗੁਰੂ ਦੀਆਂ ਗੱਲਾ ਕਰਦੇ ਹਨ।

*ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ॥*
*ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ॥੧॥*
*(ਅੰਗ 725)*

ਇਸ ਕਰਕੇ ਮੈਂ ਆਪਣੇ ਸਤਿਗੁਰ ਤੋਂ ਬਲਿਹਾਰ ਜਾਂਦਾ ਹਾਂ ਜਿਹੜੇ ਮੈਨੂੰ ਗੁਰੂ ਦੀਆਂ ਗੱਲਾਂ ਸੁਣਾਉਂਦੇ ਹਨ। ਉਸ ਪਰਿਵਾਰ ਦੇ ਬਹੁਤ ਉੱਚੇ ਅਤੇ ਸੁੱਚੇ ਭਾਗ ਹਨ ਜਿਸ ਪਰਿਵਾਰ ਵਿੱਚ ਗੁਰੂ ਦੀਆਂ ਗੱਲਾਂ, ਗੁਰੂ ਦੀ ਉਪਮਾ, ਮਹਿਮਾ ਅਤੇ ਸੋਭਾ ਹੋਵੇ।

**ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥**

ਅਸੀਂ ਤੁਹਾਨੂੰ ਬਾਰ-ਬਾਰ ਬੇਨਤੀ ਕਰਦੇ ਹਾਂ ਕਿ ਇੱਥੇ ਤਾਂ ਚੁੰਗੀ ਤੋਂ ਬਚਣ ਲਈ ਕਿਸੇ ਹੋਰ ਰਸਤੇ ਜਾਂ ਪਗਡੰਡੀ ਰਾਹੀਂ ਲੰਘ ਸਕਦੇ ਹੋ ਜਾਂ ਗੱਡੀ ਉੱਪਰ ਤਿਰਪਾਲ ਪਾ ਕੇ ਧੋਖੇ ਨਾਲ ਸਮਾਨ ਕੱਢ ਕੇ ਲਿਜਾ ਸਕਦੇ ਹੋ। ਪਰ ਧਰਮਰਾਜ ਦੀ ਚੁੰਗੀ ਵਿੱਚੋਂ ਨਹੀਂ ਲੰਘਿਆ ਜਾਣਾ। ਉੱਥੇ ਧਰਮਰਾਜ ਦਾ ਬਹੁਤ ਤਕੜਾ ਪਹਿਰਾ ਹੈ। ਉਹ ਸਭ ਕੁਝ ਖੋਹ ਲੈਂਦਾ ਹੈ। ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦਰਜ ਕੀਤਾ ਹੈ ਕਿ

*ਕਰਮ ਧਰਮ ਪਾਖੰਡ ਜੋ ਦੀਸਹਿ*
*ਤਿਨ ਜਮੁ ਜਾਗਾਤੀ ਲੂਟੈ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ*
*ਨਿਮਖ ਸਿਮਰਤ ਜਿਤੁ ਛੂਟੈ॥ (ਅੰਗ 747)*

ਸਿਰਫ਼ ਕੀਰਤਨ ਅਤੇ ਨਾਮ ਦੇ ਸਿਮਰਨ ਨੇ ਹੀ ਅੱਗੇ ਨਾਲ ਜਾਣਾ ਹੈ। ਬਾਕੀ ਸਭ ਕੁਝ ਨੂੰ ਧਰਮਰਾਜ ਨੇ ਖੋਹ ਲੈਣਾ ਹੈ। ਅਸੀਂ ਚਾਹੇ ਕਿੰਨੇ ਵੀ ਜੱਫੇ ਪਾ ਲਈਏ ਅਪਾਂ ਚੀਜਾਂ ਨੂੰ ਇੱਥੋਂ ਚੁੱਕ ਕੇ ਲਿਜਾ ਨਹੀਂ ਸਕਦੇ। ਅਗਰ ਕੋਈ ਖਿਆਲ ਨਾਲ ਖੜਨਾ ਚਾਹਵੇ ਤਾਂ ਉਹ ਖਿਆਲ ਵੀ ਇੱਥੇ

ਹੀ ਰਹਿ ਜਾਂਦੇ ਹਨ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਆਪਾਂ ਇਹ ਬਚਨ ਹਰ ਰੋਜ਼ ਸੁਣਦੇ ਹਾਂ ਪਰ ਰੋਜ਼ਾਨਾ ਭੁੱਲ ਜਾਂਦੇ ਹਾਂ। ਕਈ ਜੀਵ ਹਾਲ ਦੇ ਅੰਦਰ ਹੀ ਇਹ ਬਚਨ ਭੁੱਲ ਜਾਂਦੇ ਹਨ। ਕਈਆਂ ਦਾ ਮਨ ਹਾਲ ਤੋਂ ਬਾਹਰ ਕੱਢ ਕੇ ਕਾਰ ਤੱਕ ਜਾਂ ਕਾਰ ਦੇ ਸਟੇਰਿੰਗ ਤੱਕ ਜਾਂ ਵਿੱਚ ਬੈਠਣ ਤੱਕ ਚੇਤਾ ਰਹਿਣ ਦਿੰਦਾ ਹੈ ਫੇਰ ਭੁਲਾ ਦਿੰਦਾ ਹੈ।

ਅਸੀਂ ਆਪਣੇ ਹਜ਼ੂਰ ਕੋਲ ਧਿਆਨਪੁਰ ਗਏ ਸਤਿਸੰਗ ਸੁਣਨ ਤੋਂ ਬਾਦ ਹਜ਼ੂਰ ਨੂੰ ਬੇਨਤੀ ਕੀਤੀ ਕਿ ਸੱਚੇ ਪਾਤਿਸ਼ਾਹੋ! ਜਦੋਂ ਡੇਰੇ ਦੇ ਅੰਦਰ ਬੈਠੇ ਤੁਹਾਡੇ ਦਰਸ਼ਨ ਕਰ ਰਹੇ ਹੁੰਦੇ ਹਾਂ, ਤੁਹਾਡਾ ਨੂਰਾਨੀ ਚਿਹਰਾ ਅੱਖਾਂ ਅੱਗੇ ਹੁੰਦਾ ਹੈ ਉਦੋਂ ਸਾਡੇ ਮਨ ਵਿੱਚ ਹੁੰਦਾ ਹੈ ਕਿ ਹੁਣ ਹਜ਼ੂਰ ਨੂੰ ਹੀ ਚੇਤੇ ਰੱਖਣਾ ਹੈ। ਪਰ ਹਜ਼ੂਰ ਜਦੋਂ ਅਸੀਂ ਮੋਟਰਸਾਈਕਲ ਉੱਪਰ ਜਾਂ ਕਾਰ ਵਿੱਚ ਬੈਠਦੇ ਹਾਂ ਉਦੋਂ ਇਹ ਮਨ ਸਭ ਕੁਝ ਭੁਲਾ ਕੇ ਆਪਣੇ ਰਾਗ ਗਾਉਣ ਲੱਗ ਪੈਂਦਾ ਹੈ। ਇਹ ਇਸੇ ਤਰ੍ਹਾਂ ਹਮੇਸ਼ਾ ਹਰ ਰੋਜ਼ ਹੀ ਕਰਦਾ ਹੈ। ਹਜ਼ੂਰ ਪੁੱਛਣ ਲੱਗੇ ਤੈਨੂੰ ਸੱਚੀਮੁੱਚੀ ਪਤਾ ਲੱਗ ਗਿਆ ਹੈ ਕਿ ਮਨ ਤੇਰੇ ਨਾਲ ਇੰਝ ਕਰਦਾ ਹੈ? ਅਸੀਂ ਕਿਹਾ ਹਾਂ ਜੀ। ਹਜ਼ੂਰ ਕਹਿਣ ਲੱਗੇ ਆਹ ਜਿੰਨੇ ਜੀਵ ਬੈਠੇ ਹਨ ਮਨ ਇਹਨਾਂ ਨਾਲ ਵੀ ਇੰਝ ਹੀ ਕਰਦਾ ਹੈ ਪਰ ਇਹ ਦੱਸਦੇ ਨਹੀਂ ਹਨ। ਇਹਨਾਂ ਦਾ ਮਨ ਤੇਰੇ ਮਨ ਤੋਂ ਜਿਆਦਾ ਕਰਦਾ ਹੈ। ਪਰ ਤੇਰੇ ਅੱਛੇ ਭਾਗ ਹਨ ਜੋ ਤੈਨੂੰ ਪਤਾ ਲੱਗ ਗਿਆ ਹੈ ਕਿ ਮਨ ਤੇਰੇ ਨਾਲ ਇੰਝ ਕਰ ਰਿਹਾ ਹੈ। ਅਸੀਂ ਮੰਨਦੇ ਵੀ ਨਹੀਂ ਹਾਂ ਅਤੇ ਸੋਚਦੇ ਹਾਂ ਕਿ ਅਸੀਂ ਠੀਕ ਹਾਂ। ਪਰ ਮਨ ਬਹੁਤ ਪ੍ਰਬਲ ਹੈ।

*ਮਨੁ ਜੀਤੇ ਜਗੁ ਜੀਤਿਆ.........॥੨॥ (ਅੰਗ 1103)*

*ਤਥਾ*

*ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥੧੦॥ (ਅੰਗ 298)*

ਹਜ਼ੂਰ ਦੀ ਅਪਾਰ ਕਿਰਪਾ ਹੋਵੇ ਤਦ ਮਨ ਵੱਸ ਵਿੱਚ ਆਉਂਦਾ ਹੈ। ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਐ ਦੁਨੀਆਂ ਵਾਲਿਓ! ਇੱਕ ਨਾਮ ਤੋਂ ਬਗੈਰ ਕਾਲ ਨੇ ਸਾਡਾ ਸਾਰਾ ਪਰਪੰਚ ਖੋਹ ਲੈਣਾ ਹੈ। ਇਸ ਕਰਕੇ

*ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ*
*ਹਰਿ ਕਰਤਾ ਆਪਿ ਮੁਹਹੁ ਕਢਾਏ॥ (ਅੰਗ 308)*

ਇਹਨਾਂ ਬਚਨਾਂ ਨੂੰ ਐਵੇਂ ਨਾ ਸਮਝਿਉ। ਇਹ ਬਿਲਕੁੱਲ ਸੱਚੀ ਗੱਲ ਹੈ ਕਿ ਨਾਮ ਤੋਂ ਬਗੈਰ ਕਾਲ ਸਭ ਕੁਝ ਖੋਹ ਲੈਂਦਾ ਹੈ।

**ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥**

ਹਜ਼ੂਰ ਫ਼ੁਰਮਾਨ ਕਰ ਰਹੇ ਹਨ ਕਿ ਜਦੋਂ ਤੁਸੀਂ ਮਾਲਿਕ ਨੂੰ ਵਿਸਰੋਗੇ ਤੁਹਾਨੂੰ ਵਿਗੋਚਾ ਆਵੇਗਾ। ਕਿਸੇ ਚੀਜ ਦੇ ਪਾਸ ਨਾ ਹੋਣ ਨੂੰ ਵਿਗੋਚਾ ਕਹਿੰਦੇ ਹਨ। ਕਿਸੇ ਕੋਲ ਕਾਰ ਨਹੀਂ ਹੈ ਉਸ ਨੂੰ ਆਉਣ ਜਾਣ ਦਾ ਵਿਗੋਚਾ ਹੈ। ਕਿਸੇ ਕੋਲ ਸਕੂਟਰ ਜਾਂ ਸਾਈਕਲ ਨਹੀਂ ਹੈ ਕਿਸੇ ਕੋਲ ਗਿਆਰਾਂ ਨੰਬਰ ਬੱਸ ਅਰਥਾਤ ਆਪਣੀ ਲੱਤਾਂ ਨਹੀਂ ਹਨ ਉਸ ਨੂੰ ਵੀ ਵਿਗੋਚਾ ਹੈ ਕਿ ਮੈਂ ਕਿੰਝ ਤੁਰਾਂ। ਹੁਣ ਹੀ ਕਾਰਾਂ, ਬੱਸਾਂ ਜਾ ਸਕੂਟਰ ਆਏ ਹਨ ਪਰ ਸਾਡੇ ਸਮੇਂ ਵਿੱਚ ਅਗਰ ਬਟਾਲੇ ਤੋਂ ਬਸ ਨਹੀਂ ਮਿਲਦੀ ਸੀ ਤਦ ਅਸੀਂ ਸੋਚਣਾ ਕਿ ਬਟਾਲੇ ਤੋਂ ਧਿਆਨਪੁਰ ਸਿਰਫ ਸਤਾਈ-ਅਠਾਈ ਕਿਲੋਮੀਟਰ ਹੈ। ਅਸੀਂ ਸੋਚਣਾ ਮਾਲਿਕ ਦਾ ਡੇਰਾ ਆਹ ਤਾਂ ਹੈ। ਅਸੀਂ ਜਿੰਨਾ ਚਿਰ ਬੱਸ ਉਡੀਕਣੀ ਹੈ ਓਨੀ ਦੇਰ ਵਿੱਚ ਅਸੀਂ ਦੌੜ ਕੇ ਚਲੇ ਜਾਣਾ ਹੈ। ਅਸੀਂ ਮੋਢੇ ਉੱਪਰ ਬੈਗ ਪਾ ਕੇ ਦੌੜ ਲਾ ਲੈਣੀ। ਉੱਥੇ ਪਹੁੰਚ ਕੇ ਡਿਉੜੀ ਉੱਪਰ ਜੋ ਸੇਵਾਦਾਰ ਬੈਠੇ ਹੁੰਦੇ ਸੀ ਉਹਨਾਂ ਨੇ ਪੁੱਛਣਾ ਸਰਦਾਰ ਜੀ! ਕਿੱਦਾਂ ਪਹੁੰਚੇ ਹੋ? ਅਸੀਂ ਕਹਿਣਾ ਅੱਜ ਅਸੀਂ ਗਿਆਰਾਂ ਨੰਬਰ ਬੱਸ 'ਤੇ ਆਏ ਹਾਂ। ਬਹੁਤ ਚਾਅ ਹੁੰਦਾ ਸੀ ਕਿ ਹਜ਼ੂਰ ਦਿਸ ਪਏ ਹਨ ਹੁਣ ਬੱਸਾਂ ਕੀ ਕਰਨੀਆਂ ਹਨ। ਅਗਰ ਹਜ਼ੂਰ ਨੇ ਕਿਸੇ ਨੂੰ ਤੰਦਰੁਸਤੀ ਦਿੱਤੀ ਹੋਵੇ ਉਸ ਲਈ ਪੈਦਲ ਚਲਣਾ ਸਭ ਤੋਂ ਵਧੀਆ ਸਾਧਨ ਹੈ। ਅਗਰ ਸਾਡੇ ਕੋਲ ਮਾਲਿਕ ਦਾ ਨਾਮ ਨਾ ਹੋਇਆ ਫੇਰ ਸਾਨੂੰ ਵਿਗੋਚਾ ਆਉਣਾ ਹੈ। ਫੇਰ ਕਾਲ ਨੇ ਸਜਾ ਦੇਣੀ ਹੈ।

*ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ*
*ਜਮਕਾਲੁ ਸਹਹਿ ਸਿਰਿ ਡੰਡਾ ਹੇ॥੨॥ (ਅੰਗ 171)*

ਫੇਰ ਆਪਾਂ ਉੱਥੇ ਸੋਚਣਾ ਹੈ ਕਿ

*ਜਿੰਦ ਕਿਉ ਨਾ ਗੁਰੂ ਤੋਂ ਵਾਰੀ,*
*ਮੈਂ ਰੱਖ ਲਈ ਪਿਆਰੀ ਕਰ ਕੇ।*

**ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥**

ਜਿਹੜੇ ਜੀਵ ਮਾਲਿਕ ਦੀ, ਗੁਰਬਾਣੀ ਦੀ ਸ਼ਰਨ ਵਿੱਚ ਆ ਜਾਂਦੇ ਹਨ ਉਹਨਾਂ ਦੀ ਸੋਚ ਹੀ ਬਦਲ ਜਾਂਦੀ ਹੈ। ਅਸੀਂ ਅੱਜ ਵੀ ਕਹਿੰਦੇ ਹਾਂ ਅਤੇ ਰਾਮ ਨੌਮੀ ਦੇ ਸਮਾਗਮ ਵਿੱਚ ਸਪੀਚ ਦਿੰਦਿਆਂ ਵੀ ਕਿਹਾ ਸੀ ਕਿ

*ਗ੍ਰੰਥ ਪੰਥ ਸਭ ਜਗਤ ਕੇ ਬਾਤ ਬਤਾਵੇਂ ਤੀਨ।*
*ਮਨ ਨਿਰਮਲ ਹਿਰਦੇ ਦਇਆ ਤਨ ਸੇਵਾ ਮੇਂ ਲੀਨ।*

ਦੁਨੀਆਂ ਦੇ ਸਾਰੇ ਗ੍ਰੰਥ ਅਤੇ ਮਾਲਿਕ ਦੇ ਘਰ ਨੂੰ ਜਾਣ ਵਾਲੇ ਰਸਤੇ ਅਰਥਾਤ ਪੰਥ ਤਿੰਨ ਚੀਜਾਂ ਬਾਰੇ ਹੀ ਦੱਸਦੇ ਹਨ ਕਿ ਜੀਵ ਦਾ ਮਨ ਨਿਰਮਲ, ਸਾਫ਼ ਹੋਣਾ ਚਾਹੀਦਾ ਹੈ। ਹਿਰਦੇ ਵਿੱਚ ਦੂਜਿਆਂ ਲਈ ਹਮਦਰਦੀ ਹੋਣੀ ਚਾਹੀਦੀ ਹੈ ਅਤੇ ਤਨ ਸੇਵਾ ਵਿੱਚ ਲੀਨ ਹੋਣਾ ਚਾਹੀਦਾ ਹੈ। ਫੇਰ ਕਾਲ ਦੀ ਐਸੀ ਤੈਸੀ ਅਗਰ ਉੱਥੇ ਐਕਸ਼ਨ ਕਰੇ। ਫੇਰ ਨਾ ਕੋਈ ਅੱਤਵਾਦ ਆ ਸਕਦਾ ਹੈ ਨਾ ਹੀ ਘਰ ਵਿੱਚ ਝਗੜਾ ਹੋ ਸਕਦਾ ਹੈ। ਜਦੋਂ ਅਸੀਂ ਇਹਨਾਂ ਤਿੰਨਾਂ ਚੀਜਾਂ ਤੋਂ ਲਾਂਭੇ ਹੋ ਜਾਂਦੇ ਹਾਂ ਫੇਰ ਇਹ ਸਭ ਕੁਝ ਵਾਪਰਦਾ ਹੈ। ਹਜ਼ੂਰ ਫ਼ੁਰਮਾਨ

Monthly GURBANI UPMA Regd. No. RN 42490/87
S. G. L. JAN SEWA KENDAR, GARHA, JALANDHAR-144 022.
Phones : 0181-2481500, 0181-2999777

ਕਰ ਰਹੇ ਹਨ ਕਿ ਜੋ ਜੀਵ ਗੁਰੂ ਦੀ ਸ਼ਰਨ ਵਿੱਚ ਆਉਂਦੇ ਹਨ ਉਹਨਾਂ ਦੀ ਸੋਚਣੀ ਅਤੇ ਰਹਿਣੀ ਨਿਰਮਲ ਹੋ ਜਾਂਦੀ ਹੈ। ਸੋਈ ਹਜ਼ੂਰ ਹੀ ਕਿਰਪਾ ਕਰਕੇ ਸਾਨੂੰ ਆਪਣੀ ਸ਼ਰਨ ਬਖਸ਼ਣ ਅਤੇ ਸਾਡੀ ਆਤਮਾ ਨਿਰਮਲ ਹੋ ਜਾਵੇ। ਨਿਰਮਲ ਹੋਣ ਨਾਲ ਬਹੁਤ ਬਖਸ਼ਿਸ਼ ਹੁੰਦੀ ਹੈ। ਹਜ਼ੂਰ ਕਬੀਰ ਸਾਹਿਬ ਜੀ ਨੇ ਮੋਹਰ ਲਗਾਈ ਹੈ ਕਿ

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥੫੫॥*
*(ਅੰਗ 1367)*

ਗੰਗਾ ਦੇ ਪਾਣੀ ਨੂੰ ਨਿਰਮਲ ਇਸ ਕਰਕੇ ਕਿਹਾ ਗਿਆ ਹੈ ਕਿਉਂਕਿ ਜਿੱਥੇ ਗੰਗਾ ਵਗਦੀ ਹੈ ਉਸ ਦੇ ਥੱਲੇ ਐਸੀਆਂ ਧਾਤਾਂ, ਸੋਨਾ, ਚਾਂਦੀ, ਅਬਰਕ ਆਦਿ ਹਨ। ਜਿਸ ਕਾਰਨ ਗੰਗਾ ਦੇ ਪਾਣੀ ਵਿੱਚ ਜਾਲਾ ਨਹੀਂ ਪੈਂਦਾ। ਬਾਕੀ ਹੋਰ ਕਿਸੇ ਵੀ ਖੂਹ, ਨਦੀ ਜਾਂ ਦਰਿਆ ਦਾ ਪਾਣੀ ਲੈ ਕੇ ਉਸ ਨੂੰ ਬੋਤਲ ਜਾਂ ਕਿਸੇ ਹੋਰ ਚੀਜ ਵਿੱਚ ਪਾ ਲਉ। ਉਸ ਨੂੰ ਜਾਲਾ ਪੈ ਜਾਂਦਾ ਹੈ। ਪਰ ਹਰਿਦੁਆਰ ਤੋਂ ਲਿਆਂਦੇ ਗੰਗਾ ਦੇ ਪਾਣੀ ਨੂੰ ਜਾਲਾ ਨਹੀਂ ਪੈਂਦਾ। ਇਸ ਤਰ੍ਹਾਂ ਜਦੋਂ ਮਨ ਨਿਰਮਲ ਹੋ ਜਾਂਦਾ ਹੈ ਫੇਰ

*ਮੇਰਾ ਰਾਮ ਮੁਝੇ ਭਜੇ ਤੋ ਪਾਉ ਬਿਸਰਾਮ।*

ਫੇਰ ਉਹ ਮਾਲਿਕ ਸਿਮਰਨ ਵੀ ਖੁਦ ਕਰਕੇ ਤੁਹਾਨੂੰ ਦੇ ਦਿੰਦੇ ਹਨ। ਜਿਸ ਤਰ੍ਹਾਂ ਮਾਤਾ-ਪਿਤਾ ਕਮਾਈ ਕਰਕੇ ਬੱਚੇ ਨੂੰ ਰਾਸ ਦਿੰਦੇ ਹਨ ਇਸ ਤਰ੍ਹਾਂ ਉਸ ਮਾਲਿਕ ਨੇ ਸਿਮਰਨ ਕੀਤਾ ਹੁੰਦਾ ਹੈ ਉਹ ਬਚਨ ਛੱਡ ਕੇ ਆਪਣੇ ਭਗਤਾਂ ਨੂੰ ਸਾਰੀਆਂ ਦਾਤਾਂ ਬਖਸ਼ ਦਿੰਦੇ ਹਨ। ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਜਿਹੜੇ ਜੀਵ ਮਾਲਿਕ ਦੇ ਚਰਨਾਂ ਵਿੱਚ ਆਉਂਦੇ ਹਨ ਮਾਲਿਕ ਉਹਨਾਂ ਦੀ ਛੋਹ ਪਵਿੱਤਰ ਕਰ ਦਿੰਦੇ ਹਨ।

**ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥**

ਸੱਚੇ ਪਾਤਿਸ਼ਾਹੋ! ਅਗਰ ਤੁਹਾਡਾ ਮਿਲਾਪ ਹੋਵੇਗਾ, ਦਰਸ਼ਨ ਹੋਣਗੇ ਤਦ ਹੀ ਮੈਨੂੰ ਇਹ ਸਾਰੀਆਂ ਚੀਜਾਂ ਮਿਲਣਗੀਆਂ। ਕਿਉਂਕਿ ਗੁਰੂ ਘਰ ਐਸਾ ਦਾਤਾ ਹੈ ਜੋ ਵੀ ਉਸ ਦੇ ਦਰਸ਼ਨ ਕਰ ਲੈਂਦਾ ਹੈ ਉਹ ਬਖਸ਼ਿਆ ਜਾਂਦਾ ਹੈ। ਹਜ਼ੂਰ ਮੈਨੂੰ ਆਪਣੇ ਦਰਸ਼ਨ ਬਖਸ਼ੋ ਤਾ ਕਿ ਮੈਂ ਵੀ ਬਖਸ਼ਿਆ ਜਾਂਵਾਂ। ਹਜ਼ੂਰ ਕਿਰਪਾ ਅਤੇ ਦਇਆ ਕਰਕੇ ਮੈਨੂੰ ਆਪਣਾ ਮਿਲਾਪ ਬਖਸ਼ੋ ਤਾਂ ਕਿ ਮੇਰਾ ਜਨਮ ਔਤਰ ਨਾ ਜਾਵੇ।

**ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥**

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਵੈਸਾਖ ਦੇ ਮਹੀਨੇ ਵਿੱਚ ਬੜੀਆਂ ਸਿਫ਼ਤਾਂ ਹਨ ਕਿ ਵੈਸਾਖ ਦਾ ਮਹੀਨਾ ਬੜਾ ਵਧੀਆ ਹੈ। ਇਹ ਮਹੀਨਾ ਸੁਹਾਵਾ ਉਦੋਂ ਬਣਦਾ ਹੈ ਜਦੋਂ ਨਾਲ ਸੰਤਾਂ ਦੀ ਮਿਹਰ ਹੋ ਜਾਵੇ। ਜੇ ਸੰਤਾਂ ਦੀ ਸੰਗਤ ਮਿਲ ਜਾਵੇ ਫੇਰ ਸੋਨੇ ਉੱਪਰ ਸੁਹਾਗਾ ਹੋ ਜਾਂਦਾ ਹੈ ਕਿਉਂਕਿ

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ।*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥੧੬੪॥*
*(ਅੰਗ 1373)*

ਸਾਧੂਆਂ ਦਾ ਮੁੱਖ ਉਦੇਸ਼ ਨਾਮ ਦਾ ਜਾਪ ਕਰਾਉਣਾ ਹੁੰਦਾ ਹੈ। ਅਗਰ ਸੰਤ ਮਿਲ ਜਾਣ ਫੇਰ ਉਸ ਤੋਂ ਵੱਡੀ ਹੋਰ ਕੋਈ ਖੁਸ਼ ਕਿਸਮਤੀ ਨਹੀਂ ਹੈ।

ਫੇਰ ਆਈ ਸੰਗਤ ਨੂੰ ਖਾਲਸਾ ਜੀ ਦੇ 312ਵੇਂ ਸਿਰਜਣਾ ਦਿਵਸ ਦੀ ਲੱਖ-ਲੱਖ ਵਧਾਈ ਹੋਵੇ।

ਹਜ਼ੂਰ ਕਿਰਪਾ ਕਰਨ। ਵੈਸਾਖ ਦਾ ਮਹੀਨਾ ਵੀਰਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਸਾਡੇ ਮਨ ਵਿੱਚ ਚਾਅ ਅਤੇ ਰੀਝ ਹੋਵੇ ਕਿ ਇਸ ਮਹੀਨੇ ਵਿੱਚ ਸਿਮਰਨ ਕਰਕੇ ਅਸੀਂ ਮਾਲਿਕ ਦੇ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ, ਰਹਿਮਤ ਪ੍ਰਾਪਤ ਕਰੀਏ। ਹਜ਼ੂਰ ਕਿਰਪਾ ਕਰਕੇ ਪਰਿਵਾਰਾਂ ਵਿੱਚ ਸੁਖ ਸ਼ਾਂਤੀ, ਖੁਸ਼ੀਆ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ ਅਤੇ ਨਾਮ ਦੀ ਦਾਤ ਬਖਸ਼ ਕੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਜੋ ਸੰਗਤ ਦੇਸ਼ ਵਿਦੇਸ਼ ਵਿੱਚ ਹੋਣ ਕਰਕੇ ਜਾਂ ਸੇਵਾ ਵਿੱਚ ਲੱਗੀ ਹੋਣ ਕਰਕੇ ਨਹੀਂ ਆ ਸਕੀ ਹਜ਼ੂਰ ਸਭ ਨੂੰ ਖੁਸ਼ੀਆਂ ਖੇੜੇ ਬਖਸ਼ਣ।

*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ **ਬਾਬਾ ਕਸ਼ਮੀਰਾ ਸਿੰਘ** ਨੇ ਕਪੂਰ ਲੇਜ਼ਰ ਗ੍ਰਾਫਿਕਸ ਤੋਂ ਟਾਈਪ ਸੈਟਿੰਗ ਕਰਵਾ ਕੇ ਬ੍ਰਾਇਟ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ ਐੱਸ. ਜੀ. ਐੱਲ. ਜਨ ਸੇਵਾ ਕੇਂਦਰ, ਗੜ੍ਹਾ, ਜਲੰਧਰ-144022 ਤੋਂ ਪ੍ਰਕਾਸ਼ਿਤ ਕੀਤਾ।*
ਫੋਨ : 0181-2481500, 0181-2999777
www.sglchhosp.org

**ਐਡੀਟਰ : ਮਹਿੰਦਰ ਸਿੰਘ ਪਰਵਾਨਾ** **ਜਿਲਦ-੨੪ ਅੰਕ 2** **ਅਪ੍ਰੈਲ : ੨੦੧੧** **ਕੀਮਤ : 6 ਰੁਪੈ**